Sri Satguru Jagjit Singh Ji

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਰਖਵੇਂ ਹਨ।

ਸਤਿਨਾਮੁ ੧ ਓ ਸਤਿਗੁਰ ਪ੍ਰਸਾਦਿ॥ ਵਾਹਿਗੁਰੂ

ਰਹਿਤ ਬਿਨਾ ਤਨਖ਼ਾਹੀ ਜਾਨੋ। ਰਹਿਤ ਬਿਨਾ ਸੰਤੁ ਝੂਠ ਬਖਾਨੋ॥

# ਪੰਚ ਕਕਾਰ

—ਅਰਥਾਤ—

ਭਾਈ ਵਿਵੇਕਾ ਸਿੰਘ ਜੀ ਤੇ ਸਾਧੂ ਤਰਕਾ ਨੰਦ ਦੀ

ਯੁਕਤੀ ਉਕਤੀ ਪੂਰਵਕ ਬਹਿਸ।

ਭਾਈ ਵਿਵੇਕਾ ਸਿੰਘ ਜੀ ਦੀ ਜਿੱਤ ਅਤੇ ਤਰਕ ਨੰਦ ਦੇ ਖਾਲਸਾ ਧਰਮ ਵਿਚ ਸ਼ਰਧਾ ਸਹਿਤ ਪ੍ਰਵੇਸ਼ ਕਰਨ ਦੀ ਮਨੋਰੰਜਕ ਵਾਰਤਾ॥

ਪ੍ਰਤ-ਮੂ: ਮਾਨ ਵਯਕਤਿ ਪੰ: ਤਾਰਾ ਸਿੰਘ ਜੀ ਕਰਤਾ-ਕੌਮੀ ਦੁਖੜੇ

ਸਮੂਹ ਸਿੱਖ ਸੰਗਤਿ 'ਗੁਰਦੁਆਰਾ ਬਾਜ਼ਾਰ'
ਨੈਰੋਬੀ (ਕੀਨੀਆ ਕਾਲੋਨੀ) ਵਲੋਂ
੧ ਵੈਸਾਖ ਸੰ: ਨਾ: ੪੬੨ ਸੰ: ਖਾਲਸਾ ੨੩੩ ਪੁਰ ਸੰਗਤਾਂ ਦੀ
—ਭੇਟਾ ਹਿਤ ਪ੍ਰਕਾਸ਼ਤ ਹੋਇਆ—

ਪੈਹਲਾ ਵਾਰ ੧੦੦੦ (ਸਿੱਖ ਹਿਤ ਪੜ੍ਹ ਜ਼ਰੂਰੀ ਨਵੇਦਨ)

ਕਰਤਾ ਜੀ ਦੇ ਹਸਤਾਖਰ ਯਾ ਦਸਤਖ਼ਤਾਂ ਬਿਨਾਂ ਪੁਸਤਕ ਚੋਰੀ ਦੀ ਸਮਝੀ ਜਾਵੇ।

Sri Satguru Jagjit Singh Ji eLibrary NamdhariElibrary@gmail.com



ਸ਼੍ਰੀ ਮਾਨ ਪੰਡਿਤ ਤਾਰਾ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਰਾਖਵੇਂ ਹਨ।

ਸਤਿਨਾਮ ੧ ਓ ਸਤਿਗੁਰ ਪ੍ਰਸਾਦਿ ॥ ਵਾਹਿਗੁਰ

ਰਹਿਤ ਬਿਨਾ ਤਨਖਾਹੀ ਜਾਨੋ। ਰਹਿਤ ਬਿਨਾ ਪਸ਼ੂ ਭੂਤ ਕਹਾਨੋ ॥

# ਪੰਚ ਕਕਾਰ

—ਅਰਥਾਤ—

## ਭਾਈ ਵਿਵੇਕਾ ਸਿੱਘ ਜੀ ਤੇ ਸਾਧੂ ਤਰਕਾ ਨੰਦ ਦੀ

ਯੁਕਤੀ ਉਕਤੀ ਪੂਰਵਕ ਬਹਿਸ।

ਭਾਈ ਵਿਵੇਕਾ ਸਿੰਘ ਜੀ ਦੀ ਜਿੱਤ ਅਤੇ ਤਰਕਾ ਨੰਦ ਦੇ ਖਾਲਸਾ ਧਰਮ ਵਿਚ ਸ਼ਰਧਾ ਸਹਿਤ ਪ੍ਰਵੇਸ਼ ਕਰਨ ਦੀ ਮਨੋਰੰਜਕ ਵਾਰਤਾ ॥

ਕ੍ਰਿਤ-ਸ੍ਰੀ ਮਾਨ ਵਯਕਤੀ ਪੰ: ਤਾਰਾ ਸਿੰਘ ਜੀ ਕਰਤਾ-ਕੌਮੀ ਦੁਖੜ

ਸਮੂਹ ਸਿੱਖ ਸੰਗਤਿ 'ਗੁਰਦੁਆਰਾ ਬਾਜ਼ਾਰ'
ਨੈਰੋਬੀ (ਕੀਨੀਆ ਕਾਲੋਨੀ) ਵਲੋਂ
੧ ਵੈਸਾਖ ਸੰ: ਨਾ: ੪੬੨ ਸੰ: ਖਾਲਸਾ ੨੩੩ ਪੁਰ ਸੰਗਤਾਂ ਦੀ
—ਭੇਟਾ ਹਿਤ ਪ੍ਰਕਾਸ਼ਤ ਹੋਇਆ—

ਪੈਹਲੀ ਵਾਰ ੧੦੦੦ (ਮੋਖ ਹਿਤ ਪੜ੍ਹ ਜ਼ਰੂਰੀ ਨਵੇਦਨ)

Sri Satguru Jagjit Singh Ji eLibrary NamdhariElibrary@gmail.com

"ਕ੍ਰਿਪਾਨ ਬਹਾਦਰ ਪ੍ਰੈਸ" ਅੰਮ੍ਰਿਤਸਰ ਵਿਚ
ਭਾਈ ਰਣਜੀਤ ਸਿੰਘ ਪ੍ਰਿੰਟਰ ਦੇ
ਯਤਨ ਨਾਲ ਛਪਿਆ ॥

Sri Satguru Jagjit Singh Ji eLibrary NamdhariElibrary@gmail.com

# ਜ਼ਰੂਰੀ ਨਵੇਦਨ !

੧. ਸਮੂਹ ਗੁਰੂ ਖਾਲਸਾ ਜੀ ਦੀ ਸਵਾ ਵਿਖੇ ਸਨਿੱਮ੍ਰ ਪਾਰਥਨਾਂ ਹੈ ਕਿ ਖਾਲਸਾ ਧਰਮ ਦੇ ਪ੍ਰਚਾਰ ਹਿਤ ਇਹ ਟ੍ਰੈਕਟ ਇਕ ਹਜ਼ਾਰ ਦੀ ਗਿਣਤੀ ਵਿਚ ਛਪਵਾਇਆ ਗਿਆ ਹੈ ਜਿਸ ਦਾ ਕਾਪੀ ਰਾਈਟ 'ਕਰਤਾ' ਜੀ ਵਲੋਂ ਪ੍ਰਾਪਤ ਹੋਇਆ ਹੈ। ਭਾਵੇਂ ਇਸ ਦੇ ਛਪਵਾਉਣ ਪਰ ਖਰਚ ਬਹੁਤ ਵਧੀਕ ਆਇਆ ਹੈ ਪੰਤੂ ਪ੍ਰਚਾਰ ਨੂੰ ਮੁਖ ਰਖਦਿਆਂ ਹੋਇਆਂ ਇਸ ਦੀ ਭੇਟਾ ਕੇਵਲ ੨੫ ਸੈਂਟ (ਇੰਡੀਆ ਲਈ ਦਵਾਨੀ) ਰਖੀ ਗਈ ਹੈ ਜੋ ਕੇਵਲ ਇਸ ਲਈ ਹੈ ਕਿ ਅਗੋਂ ਲਈ ਭੀ ਅਜੇਹੇ ਟ੍ਰੈਕਟਾਂ ਦੀ ਲੜੀ ਜਾਰੀ ਰੱਖੀ ਜਾ ਸਕੇ। ਨਾਲ ਹੀ ਇਹ ਭੀ ਪ੍ਰਾਰਥਨਾ ਹੈ ਕਿ ਗੁਰੂ ਪੰਥ ਦੇ ਹੋਣਹਾਰ ਵਿਦਜਾਰਥੀ ਇਸ ਟ੍ਰੈਕਟ ਨੂੰ ਹੇਠ ਲਿਖੇ ਪਤੇ ਤੋਂ ਮੁਫਤ ਪ੍ਰਾਪਤ ਕਰਕੇ 'ਪੰਚ ਕਕਾਰ' ਸਬੰਧੀ ਵਾਕਫੀਅਤ ਹਾਸਲ ਕਰਦ ਹੋਏ, ਆਪਣੇ ਭਵਿਖਤ ਦੇ ਜੀਵਨ ਨੂੰ ਸੁਧਾਰਨ ਦਾ ਯਤਨ ਕਰਨਗੇ।

ਮੋਹਨ ਸਿੰਘ

ਪਾਰਥਕ:—ਸੈਕ੍ਰੈਟ੍ਰੀ ਗੁਰਦੁਆਰਾ ਬਾਜ਼ਾਰ

(ਨੈਰੋਬੀ ਅਫ਼ੀਕਾ)

Sri Satguru Jagjit Singh Ji eLibrary NamdhariElibrary@gmail.com

# ਕਰਤਾ ਵਲੋਂ

੨. ਸੇਵਕ ਇਹ ਗੱਲ ਬੜੇ ਸ਼ੌਕ ਨਾਲ ਸੰਗਤਾਂ ਦੀ ਸੇਵਾ ਵਿਚ ਪੇਸ਼ ਕਰਦਾ ਹੈ ਕਿ ਇਸ ਟ੍ਰੈਕਟ ਦੀ ਇਕ ਹਜ਼ਾਰ ਕਾਪੀ ਦਾ ਹੱਕ ਇਸ ਤੋਂ ਪਹਿਲਾਂ "ਗੁਰਦੁਆਰਾ ਰਾਮਗੜ੍ਹੀਆਂ ਰੇਲਵੇ ਨੈਰੋਬੀ" ਨੂੰ ਦਿਤਾ ਗਿਆ ਸੀ ਅਤੇ ਉਨ੍ਹਾਂ ਵਲੋਂ ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਚ ਛਪਣ ਲਈ ਭੇਜਿਆ ਗਿਆ, ਪ੍ਰੰਤੂ ਕੇਵਲ ਪੰਜ ਕਾਪੀਆਂ ਹੀ ਉਕਤ ਗੁਰਦੁਆਰੇ ਪੁਜੀਆਂ ਬਾਕੀ ਕਾਪੀਆਂ ਅਜੇ ਤੱਕ ਲਾ ਪਤਾ ਹਨ। ਇਸ ਲਈ ਦੂਜੀ ਵੇਰ ਇਕ ਹਜ਼ਾਰ ਕਾਪੀ ਦਾ ਹੱਕ 'ਸੇਵਕ' ਨੇ "ਗੁਰਦੁਆਰਾ ਬਾਜ਼ਾਰ ਦੀ ਪ੍ਰਬੰਧਕ ਕਮੇਟੀ" ਨੂੰ ਦਿਤਾ ਹੈ ਜਿਸ ਦੀ ਸੇਵਕ ਨੂੰ ਅਤਿਅੰਤ ਪ੍ਰਸੰਨਤਾ ਹੋਵੇਗੀ ਜੇਕਰ ਪੰਥ ਦਰਦੀ ਇਸ ਨੂੰ ਗਹੁ ਨਾਲ ਪੜ੍ਹਕੇ ਲਾਭ ਉਠਾਉਣਗੇ।

ਪੰ: ਤਾਰਾ ਸਿੰਘ

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

# ਖਾਲਸਾ ਧਰਮ ਦੇ ਅਟੱਲ ਸਿਧਾਂਤਾ ਵਿਚੋਂ ਕੁਝਕੁ ਉਦਾਹਰਣ

(੧) ਸਰਵਾਧਾਰ ਸੱਚਿਦਾ ਨੰਦ ਪਰਮਾਤਮਾ ਹੀ ਉਪਾਸ਼ਨਾ ਕਰਨ ਯੋਗ ਹੈ।

**'ਬਿਨ ਕਰਤਾਰ ਨਾਂ ਕਿਰਤਮ ਮਾਨੋ ॥'**

(੨) ਜਗਤ ਰਖਜਕ ਕਰਤਾਰ ਜਨਮ ਮਰਨ ਰਹਿਤ ਇਕ-ਰਸ ਨਿਤੱਜ ਪਰਕਾਸ਼ ਰੂਪ ਹੈ।

**'ਆਦਿ ਅਜੋਨ ਅਜੈ ਅਬਿਨਾਸੀ**
**ਤਹਿ ਪਰਮੇਸ੍ਵਰ ਜਾਨੋ ॥'**

(੩) ਸਤਿਨਾਮ ਤੋਂ ਬਿਨਾਂ ਪਰਮਾਤਮਾਂ ਦੇ ਸਾਰੇ ਨਾਮ ਕਿਰਤਮ ਹਨ।

**'ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿਨਾਮ ਤੇਰਾ ਪਰਾ ਪੂਰਬਲਾ ॥'**

(੪) ਤ੍ਰਿਣ ਤੋਂ ਲੈਕੇ ਸੁਮੇਰੂ ਪ੍ਰਯੰਤ ਵਿਆਪਕ ਹੁੰਦਾ ਹੋਯਾ ਭੀ ਅੰਤਰਯਾਮੀ ਪ੍ਰਭੂ ਨਿਰਵਿਕਾਰ ਸ਼ੁਧ ਨਿਰਲੇਪ ਹੈ।

**'ਰੂਪ ਨ ਰੇਖ ਨ ਰੰਗ ਕਿਛ ਤ੍ਰਿਹ ਗੁਣ**
**ਤੇ ਪ੍ਰਭ ਭਿੰਨ ॥'**

Sri Satguru Jagjit Singh Ji eLibrary NamdhariElibrary@gmail.com

(੫) ਵੈਰਾਟ ਰੂਪ ਦ੍ਵਾਰਾ ਸਾਰਾ ਬ੍ਰਹਿਮੰਡ ਉਸਦੀ ਮੂਰਤੀ ਹੈ ਪ੍ਰੰਤੂ ਓਹ ਸਰਵ ਸ਼ਕਤੀਵਾਨ ਫਿਰ ਭੀ ਅਮੂਰਤ ਹੈ।

**'ਅਰੂਪ ਹੈਂ ॥ ਅਨੂਪ ਹੈਂ ॥'**

(੬) ਪਰਮ ਪਿਤਾ ਸਿਰਜਨਹਾਰ ਕਦੀ ਭੀ ਅਵਤਾਰ ਧਾਰਨ ਕਰ ਗਰਭ ਵਿੱਚ ਨਹੀਂ ਔਂਦਾ ।

**'ਓਹ ਜਨਮ ਨ ਮਰੈ ਰੇ ਸਾਕਤ ਢੋਰ ॥'**

(੭) ਸ੍ਵੈ ਸਰੂਪ ਨੂੰ ਭੁੱਲੀ ਹੋਈ ਸ਼ਰੀਰ ਰੂਪ ਉਪਾਧੀ ਸਹਿਤ ਚੇਤਨ ਸੱਤਾ ਦਾ ਨਾਮ ਜੀਵ ਹੈ।

**'ਮਨ ਤੂੰ ਜੋਤ ਸਰੂਪ ਹੈਂ ਅਪਣਾ ਮੂਲ ਪਛਾਣ ॥'**

(੮) ਆਪਣੇ ਸ੍ਵਰੂਪ ਨੂੰ ਜਾਨਣ ਦਾ ਨਾਮ ਹੀ ਗਿਆਨ ਹੈ ਅਤੇ ਇਹ ਗਿਆਨ ਹੀ 'ਮੁਕਤੀ' ਕਿਹਾ ਜਾਂਦਾ ਹੈ।

**'ਸੋਈਫਿਰਕੇ ਤੂੰਭਇਆ ਜਾਕੋਕਹਿਤਾ ਅਉਰ॥'**

((੯) ਇਹ ਗਿਆਨ ਰੂਪ ਮੁਕਤੀ ਫੋਕੇ ਕਰਮ ਕਾਂਡ ਅਥਵਾ) ਚੁੰਚ ਗਿਆਨ ਦੁਵਾਰਾ ਪ੍ਰਾਪਤ ਨਹੀਂ ਹੁੰਦੀ।

**'ਬਿਨ ਨਾਮ ਹਰ ਕੇ ਮੁਕਤ ਨਾਹੀ**
**ਇਉ ਕਹੈ ਨਾਨਕ ਦਾਸ ॥'**

(੧੦) ਜਦੋਂ ਤੀਕ ਜੀਵ ਈਸ਼੍ਵਰ ਦੇ ਵਿਕਾਰ ਹਉਮੈ ਰੂਪ ਤ੍ਰਿਗੁਣੀ ਮਾਇਆ ਦਾ ਅਗਿਆਨ ਰੂਪੀ ਪਰਦਾ ਹੈ ਤਦੋਂ ਤੀਕ ਜੀਵ ਈਸ਼੍ਵਰ ਦਾ ਭੇਦ ਹੈ। ਅਗਿਆਨ ਨਸ਼ਟ ਹੋਣ ਤੋਂ ਉਪ੍ਰੰਤ—

Sri Satguru Jagjit Singh Ji eLibrary NamdhariElibrary@gmail.com

**'ਜਿਉ ਜਲ ਮੈ ਜਲ ਆਇ ਖਟਾਨਾਂ ॥**
**ਤਿਉ ਜੋਤੀ ਸੰਗ ਜੋਤਿ ਸਮਾਨਾ ।'**

ਰੂਪ ਅਭੇਦ ਹੋ ਜਾਂਦਾ ਹੈ।

**'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥'**

ਹਰੀ ਨਾਮ ਦੇ ਅਭਿਆਸੀ ਸਿਖ ਵਿਦਵਾਨਾਂ ਦੀ ਸੇਵਾ ਵਿਚ ਸਨਿਮਰ ਪ੍ਰਾਰਥਨਾਂ ਹੈ ਕਿ ਉਪਰ ਲਿਖੇ ਅਸੂਲਾਂ ਨੂੰ ਗਹੁ ਨਾਲ ਪੜ੍ਹਨ ਦੀ ਖੇਚਲ ਕਰਨ ਅਤੇ ਇਨਾਂ ਵਿਚੋਂ ਜਿਹੜਾ ਅਸੂਲ ਗੁਰਬਾਣੀ ਰੂਪ ਕਸਉਟੀ ਪਰ ਪੂਰਾ ਉਤਰਦਾ ਪ੍ਰਤੀਤ ਨਾ ਹੋਵੇ ਓਸ ਸਬੰਧੀ ਸੇਵਕ ਨੂੰ ਚਿਤਾਵਨੀ ਕਰਵੌਣ ਦੀ ਕ੍ਰਿਪਾਲਤਾ ਕਰਨ, ਤਾਕਿ ਦੂਜੀ ਐਡੀਸ਼ਨ ਵਿੱਚ ਇਨ੍ਹਾਂ ਹੀ ਅਸੂਲਾਂ ਨੂੰ ਸਿਆਣੇ ਪੁਰਸ਼ਾਂ ਦੇ ਵਿਚਾਰਾਂ ਵਿੱਚ ਦੁਨੀਆਂ ਦੇ ਸਾਹਮਣੇ ਰਖਿਆ ਜਾ ਸਕੇ।

ਮੈਂ ਧੰਨਵਾਦੀ ਹੋਵਾਂਗਾ ਜੇਕਰ ਪੰਥ ਦੇ ਵਿਦਵਾਨ ਅਤੇ ਸੰਤ ਮਹਾਤਮਾਂ ਮੇਰੀ ਸਨਿਮਰ ਬਿਨੈ ਨੂੰ ਪਰਵਾਨ ਕਰਕੇ ਸੇਵਕ ਨੂੰ ਆਪਣੇ ਸ਼ੁਭ ਵਿਚਾਰ ਭੇਜਕੇ ਕ੍ਰਿਤਾਰਥ ਕਰਨਗੇ।

ਪ੍ਰਾਰਥਕ:–**ਤਾਰਾ ਸਿੰਘ**

ਮਾਰਫਤ–ਗੁਰਦਵਾਰਾ ਬਾਜ਼ਾਰ, ਪੋਸਟ ਬਕਸ ੫੯੭
ਨੈਰੋਬੀ, (ਮੁਲਕ ਅਫਰੀਕਾ)

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਪੁਰਾਤਨ ਅਤੇ ਵਰਤਮਾਨ ਸਮੇਂ ਦੇ ਮਹਾਂ ਪੁਰਸ਼ਾਂ ਦਾ ਇਹ ਮੰਨਿਆਂ ਪ੍ਰਮੰਨਿਆ ਸਿਧਾਂਤ ਹੈ ਕਿ ਸਾਕਾਰ ਬ੍ਰਹਿਮੰਡ ਦ ਨਿਖਲ ਪ੍ਰਾਣੀਆਂ ਅਤੇ ਜੜ੍ਹ ਪਦਾਰਥਾਂ ਵਿਚ ਦੋ ਵਜਾਪਕ ਸ਼ਕਤੀਆਂ ਵਿਦਮਾਨ ਹਨ, ਅਤੇ ਏਹੋ ਦੋ ਸ਼ਕਤੀਆਂ ਪ੍ਰਾਣੀ ਮਾਤ੍ਰ ਦੇ ਕਰਮਾਂ ਦਾ ਮੂਲ ਕਾਰਨ ਹਨ । ਇਨ੍ਹਾਂ ਸ਼ਕਤੀਆਂ ਦਾ ਨਾਮ ਹੈ "ਦੈਵੀ ਸੰਪਤੀ" ਅਤੇ "ਆਸੁਰੀ ਸੰਪਤੀ ।" "ਦੈਵੀ ਸੰਪਤੀ" ਸਤੋ ਗੁਣ ਰੂਪ ਹੈ, ਅਤੇ "ਆਸੁਰੀ ਸੰਪਤੀ" ਰਜ,ਤਮ ਦੋਹਾਂ ਗਣਾਂ ਦੇ ਮਿਲਵੇਂ ਸਰੂਪ ਦਾ ਨਾਮ ਹੈ। ਕਾਲ ਚੱਕਰ ਦੀ ਗਤੀ ਅਨੁਸਾਰ ਕਦੀ "ਦੈਵੀ ਸ਼ਕਤੀ" ਦਾ ਪ੍ਰਭਾਵ ਵਧੀਕ ਹੋ ਜਾਂਦਾ ਹੈ ਕਦੀ "ਆਸਰੀ ਸੰਪਤੀ" ਅਧਿਕ ਜ਼ੋਰ ਪਾ ਲੈਂਦੀ ਹੈ। ਆਸੁਰੀ ਸੰਪਤੀ ਦੀ ਬਹੁਲਤਾ ਸਮੇਂ ਸੰਸਾਰ ਦੀ ਸਮੂਹ ਮ੍ਰਯਾਦਾ ਵਿਗੜ ਕੇ ਚੌਹੀਂ ਪਾਸੀਂ ਅਸ਼ਾਂਤੀ ਦਾ ਰਾਜ ਹੋ ਜਾਂਦਾ ਹੈ, ਜਿਸ ਦਾ ਫ਼ਲ ਸੰਸਾਰ ਦੁਖਾਂ ਦਾ ਘਰ ਬਣ ਜਾਂਦਾ ਹੈ ਅਤੇ

**"ਧਰਮ ਪੰਖ ਕਰ ਉਡਰਿਆ ।"**

**"ਕੂੜ ਅਮਾਵਸ ਸਚ ਚੰਦ੍ਰਮਾਂ**
**ਦੀਸੈ ਨਾਹੀ ਕਹਿ ਚੜਿਆ।"**

Sri Satguru Jagjit Singh Ji eLibrary NamdhariElibrary@gmail.com

ਵਾਲੀ ਦਸ਼ਾ ਹੋ ਜਾਂਦੀ ਹੈ। ਧਰਮ ਅਤੇ ਸੱਚ ਦੇ ਅਲੋਪ ਹੋਣ ਕਰਕੇ ਹਰ ਇਕ ਪ੍ਰਾਣੀ ਆਪਣੇ ਮਨ–ਮੰਨੇ ਅਸੂਲਾਂ ਪਰ ਚਲਣ ਨੂੰ ਸੁਤੰਤ੍ਰਤਾ ਅਤੇ ਸਖ ਦਾ ਸਾਧਨ ਸਮਝਦਾ ਹੈ, ਪਰ ਇਸਤਰ੍ਹਾਂ ਕਰਦੇ ਹੋਏ ਭੀ ਜੀਵ ਸੁਖੀ ਨਹੀਂ ਹੁੰਦੇ, ਸਗੋਂ ਉਨ੍ਹਾਂ ਦੀ ਹਾ ਹਾ ਕਾਰ ਨਾਲ ਅਕਾਸ਼ ਪੂਰਨ ਹੋ ਜਾਂਦਾ ਹੇ। ਕਿਉਂਕਿ ਅਗਿਆਨੀ ਜੀਵ ਜਿਸ ਆਪ ਹੁਦਰੇ-ਪਨ ਨੂੰ ਆਜ਼ਾਦੀ ਸਮਝਦਾ ਹੈ, ਓਹ ਅਸਲ ਵਿਚ ਮਨ ਦੀ ਗੁਲਾਮੀ ਹੁੰਦੀ ਹੈ ਅਤੇ ਇਹ ਮਨ ਦੀ ਗੁਲਾਮੀ ਹਰ ਇਕ ਪ੍ਰਾਣੀ ਨੂੰ ਸ੍ਵਾਰਥੀ ਬਣਾ ਦਿੰਦੀ ਹੈ, ਅਤੇ ਜ੍ਵਾਰਥ ਸਾਰੇ ਦੁਖਾਂ ਵੀ ਜੜ੍ਹ ਹੈ। ਸ੍ਵਾਰਥੀ ਪੁਰਸ਼ ਦੂਜਿਆਂ ਦੀ ਭਲਾਈ ਦਾ ਉੱਕਾ ਖਿਆਲ ਨਹੀਂ ਕਰਦਾ ਅਤੇ ਏਸੇ ਕਰਕੇ ਹਰ ਪਾਸੇ ਉਸ ਦੇ ਸ਼ਤਰੂ ਨਜ਼ਰ ਆਉਣ ਲਗ ਜਾਂਦੇ ਹਨ। ਅਜਿਹੀ ਦਸ਼ਾ ਵਿਚ ਆਪਸ ਵਿਚ ਦਾ ਪਿਆਰ ਉੱਕਾ ਹੀ ਨਹੀਂ ਰਹਿੰਦਾ, ਖਹਿ ਖਹਿ ਮਰਨ ਵਾਲੇ ਲੋਕੀ ਧੀਰਜ, ਨੇਕੀ, ਪਰਉਪਕਾਰ ਅਤੇ ਮਹਾਂ ਪੁਰਖਾਂ ਦੇ ਸੁਖਦਾਇਕ ਹੁਕਮਾਂ ਦੀ ਪਾਲਨਾਂ ਕਰਨੀ ਛਡ ਦੇਂਦੇ ਹਨ, ਅਤੇ ਇਉਂ ਸੁਖ ਦੁਨੀਆਂ ਵਿਚੋਂ ਅਲੋਪ ਹੋ ਜਾਂਦਾ ਹੈ। ਦੁਖੀ ਅਤੇ ਘਬਰਾਏ ਹੋਏ ਬਲਹੀਨ ਲੋਕਾਂ ਦੇ ਵਿਚਾਰ ਛਿੰਨ ਭਿੰਨ ਹੋ ਜਾਂਦੇ ਹਨ। ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਓਹ ਜਗਤਾ ਧਾਰ ਪਰਮ ਪਿਤਾ ਸੁਖ ਸਰੂਪ ਕਰਤਾਰ ਦੀ ਹਸਤੀ ਤੋਂ ਭੀ ਮੁੱਕਰ ਜਾਂਦੇ ਹਨ। ਅਜਿਹੇ ਵੇਲੇ ਵਰਖਾ ਸਮੇਂ ਸਿਰ ਨਹੀਂ ਹੁੰਦੀ, ਨਿੱਤ ਨਵੀਆਂ ਭਿਆਨਕ ਬੀਮਾਰੀਆਂ ਵਧ ਜਾਂਦੀਆਂ ਹਨ, ਦਵਾਈਆਂ ਬੇ-ਅਸਰ ਹੋ ਜਾਂਦੀਆਂ ਹਨ, ਪਿਤਾ ਪੁੱਤਰੀ, ਭੈਣ ਭਾਈ ਦਾ ਸੰਬੰਧ ਟੁਟ ਜਾਂਦਾ ਹੈ, ਭ੍ਰਾ-

Sri Satguru Jagjit Singh Ji eLibrary NamdhariElibrary@

ਚਾਰ ਫੈਲ ਜਾਂਦਾ ਹੈ ਤੇ ਜਿਸ ਨੂੰ ਵੇਖਕੇ ਸੱਤ ਵਾਦੀ ਮਹਾਂ ਪੁਰਸ਼ ਪੁਕਾਰ ਉਠਦੇ ਹਨ:–

"ਅਬ ਕਲੂ ਆਇਓ ਆਇਓ ।
ਨਾਮ ਬੀਜ ਬੋਵਹੁ ਬੋਵਹੁ ॥
ਆਨ ਰੁਤ ਨਾਹੀ ਨਾਹੀ ॥
ਮਤ ਭਰਮ ਭੂਲੇ ਭੂਲੇ ॥"

ਕਿਉਂਕਿ

ਮਿਲ ਜਗਦੀਸ਼ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਚਰੀਆ ॥

ਇਸ ਲਈ

ਸਰੰਜਾਮ ਲਾਗਿ ਭਵਜਲ ਤਰਨਿ ਕੈ ॥
ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ ॥

ਜਿਨ੍ਹਾਂ ਦੀ ਸੱਚੀ ਅਵਾਜ਼ ਨੂੰ ਸੁਣਕੇ ਸੱਚ ਸੁਖ ਦੇ ਚਾਹਵਾਨ ਅਤੇ ਸਮਝਦਾਰ ਪ੍ਰਾਣੀ, ਜਿਨ੍ਹਾਂ ਦੀ ਅਕਲ ਰੂਪ ਨਉਕਾ ਕਲਜੁਗੀ ਪਾਪਾਂ ਦੇ ਪੱਥਰਾਂ ਨਾਲ ਭਰਕੇ, ਸ੍ਵਾਰਸ ਮਈ ਤੁਫ਼ਾਨ ਦੇ ਵਹੇ ਚੜ੍ਹ, ਵਿਸ਼ੇ ਦੇ ਅਥਾਹ ਸਮੁੰਦ੍ਰ ਵਿਚ ਗ਼ਰਕ ਨਹੀਂ ਹੋਈ ਹੁੰਦੀ, ਤਬਾਹ ਹੋਣ ਤੋਂ ਬਚ ਜਾਂਦੇ ਹਨ। ਇਸ ਵੇਲੇ ਜਦ ਕਿ ਹਰ ਪਾਸਿਓਂ ਪ੍ਰਾਣੀਆਂ ਦੇ ਧਰਮ ਤੋਂ ਪਤਿਤ ਹੋਣ ਦੀਆਂ ਖਬਰਾਂ ਆ ਰਹੀਆਂ ਹਨ ਅਤੇ ਆਪ ਹੁਦਰੇ ਪਨ ਦੀ ਕਲਜੁਗੀ

Sri Satguru Jagjit Singh Ji eLibrary NamdhariElibrary@gmail.com

ਹਨੇਰੀ ਜੀਵਾਂ ਦੀਆਂ ਬੁੱਧਾਂ ਭ੍ਰਸ਼ਟ ਕਰਨ ਲਈ ਪੂਰੇ ਜ਼ੋਰ ਨਾਲ ਚਲ ਰਹੀ ਹੈ, ਤਦ ਮੈਂ ਭੀ ਏਹ ਯੋਗ ਜਾਣਿਆ ਕਿ ਸ੍ਰਿਸ਼ਟੀ ਦੇ ਰਖ੍ਯਕ ਤੇ ਪ੍ਰਾਣੀ ਮਾਤਰ ਦੇ ਹਿਤਕਾਰੀ ਜਗਤ ਗੁਰੂ ਨਾਨਕ,ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਸਿਧਾਂਤਾਂ ਨੂੰ ਮਨੁਖ ਮਾਤਰ ਤਕ ਪਹੁੰਚਾਣ ਦਾ ਯਤਨ ਕਰਾਂ। ਮੈਨੂੰ ਪੂਰਨ ਭਰੋਸਾ ਹੈ ਕਿ ਸੱਚ ਦੇ ਖੋਜੀ ਅਤੇ ਸੁਖ ਦੇ ਚਾਹਵਾਨ, ਆਪਣੀ ਜੀਵਨ ਰੂਪੀ ਨਉਕਾ ਨੂੰ, ਰੱਬੀ ਹੁਕਮਾਂ ਰੂਪੀ ਲਾਇਟ ਹਾਊਸ ਦੇ ਚਾਨਣੇ ਨਾਲ, ਅਚੇਤ ਪਾਪਾਂ ਦੇ ਪਹਾੜਾਂ ਨਾਲ ਟਕਰਾਕੇ ਤਬਾਹ ਹੋਣੋਂ ਬਚਾ ਲੈਣਗੇ।

"ਕਰਤਾ"

Sri Satguru Jagjit Singh Ji eLibrary NamdhariElibrary@gmail.com

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# 'ਪੰਚ ਕਕਾਰ'

ਚਾਰੋ ਕੂਟ, ਦਸੋ ਦਿਸਾ ਭ੍ਰਮਤ ਜੁ ਪ੍ਰਾਣੀ ਹਾਰੇ,
ਤੇਤੇ ਦੁਆਰੇ ਪਾਵਤ ਨਿਹਾਰੇ ਚਾਰੋ ਥੋਕ ਮੈਂ !
ਨਵੋਂ ਖੰਡ,ਸਾਤੋਂ ਦੀਪ ਪੇਖੇ ਸੁਰ ਲੋਕ ਆਦਿ,
ਤੋ ਸਮ ਤੂੰ, ਦੂਜੋ ਨਹੀਂ ਚਤਰ ਦਸ ਲੋਕ ਮੈਂ !
ਕੇਵਲ ਅਕਾਲ ਹੀ ਜਪਾਇਓ ਤਾਂਤੇ ਭੇਦ ਨਾਹੀਂ,
ਪਾਵਨ ਤਿਹਾਰੇ ਰੂਪ ਔਰ ਬ੍ਰਹਮ ਜੋਤ ਮੈਂ !
ਪਾਪੀ ਨਰ ਭਾਰੇ, ਹਤਿਆਰੇ ਜੋ ਸ਼ਰਨ ਆਏ,
ਤਾਰੇ,ਸੁਨ ਜਨਮ ਕੁਸ਼ਟੀ ਹ੍ਵੈ ਗਯੋ ਅਸ਼ੋਕ ਮੈਂ !

—o—

ਜਾ ਸਮ ਨ ਆਨ ਔ ਅਨੇਕਤਾ ਨ ਰੰਚ ਜਾ ਮੇਂ,
ਐਸੋ 'ਗੁਰੂ ਨਾਨਕ' 'ਸ੍ਰੀ ਅੰਗਦ' ਲਖੀਜੀਏ !
'ਅਮਰ' ਭਏ ਜਾਂਕੋ ਯਸ ਗਾਵਤ ਸਭ 'ਰਾਮਦਾਸ'
ਅਹੋ 'ਗੁਰਅਰਜਨ''ਹਰਿ ਗੋਬਿੰਦ' ਪਿਖੀਜੀਏ !
ਜਾਂਕੀ ਚਰਨ ਰਜ ਪਾਏ ਰੰਕ ਮਹਾਰਾਜ ਥੀਏ,
'ਹਰੀਰਾਇ' 'ਹਰੀਕ੍ਰਿਸ਼ਨ' ਮੋ ਪੈ ਨੈਕ ਰੀਝੀਏ !

Sri Satguru Jagjit Singh Ji eLibrary NamdhariElibrary@gmail.com

'ਤੇਗ ਕੇ ਬਹਾਦਰ' ਦਸਮੇਸ਼ ਜਿਉਂ ਹਤੇ ਮਲੇਛ,
ਤੈਸੇ ਨਿਰਵੈਰ ਹੂੰ ਕੇ ਵੈਰੀ ਦੂਰ ਕੀਜੀਏ!

ਹਰੀ ਦ੍ਵਾਰ ਦੀ ਰਮਣੀਕ ਧਰਤੀ ਪੁਰ ਗੰਗਾ ਕਿਨਾਰੇ ਬਾਰ੍ਹੀਂ ਸਾਲੀਂ ਹੋਣ ਵਾਲੇ ਕੁੰਭ ਦੇ ਪੂਰਬ ਦਾ ਮਹਾਨ ਇਕੱਠ ਹੋ ਚੁਕਾ ਹੈ, ਅਨੇਕਾਂ ਮਤ ਮਤ੍ਾਂਤ੍ਾਂ ਦੇ ਗ੍ਰਹਸਥੀ ਅਤੇ ਸਾਧੂ ਹਿੰਦੁਸਤਾਨ ਦੇ ਹਰ ਹਿਸੇ ਤੋਂ ਮੇਲੇ ਦੀ ਝਾਕੀ ਲੈਕੇ, ਆਪੋ ਆਪਣੇ ਨਿਵਾਸ ਅਸਥਾਨਾਂ ਵਲ ਪਧਾਰੇ, ਪਰੰਤੂ ਭੀੜ ਦੇ ਧਕਿਆਂ ਤੋਂ ਭੈ ਭੀਤ ਹੋਣ ਵਾਲੇ ਯਾਤਰੂ, ਗੰਗਾ ਤੀਰ ਦੇ ਕੁਦ-ਰਤੀ ਨਜ਼ਾਰਿਆਂ ਦਾ ਅਨੰਦ ਲੈਣ ਲਈ ਅਜੇ ਤੀਕ ਅਟਕੇ ਹੋਏ ਹਨ। ਭੀੜ ਘਟ ਜਾਣ ਨਾਲ ਜ਼ਰਾ ਇਨ੍ਹਾਂ ਦੀ ਜਾਨ ਵਿਚ ਜਾਨ ਆਈ ਹੈ ਅਤੇ ਹਰ ਪਾਸੇ ਦੇ ਖੁਲ੍ਹੇ ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰ ਰਹੇ ਹਨ।

ਇਕ ਦਿਨ ਅੰਮ੍ਰਤ ਵੇਲੇ ਦੇ ਸਮੇਂ ਇਕ ਸਜਨ (ਜੋ ਨੁਹਾਰ ਤੋਂ ਸਿਖ ਪ੍ਰਤੀਤ ਹੁੰਦੇ ਸਨ) ਇਸ਼ਨਾਨ ਕਰਕੇ ਗੰਗਾ ਜੀ ਦੇ ਘਾਟ ਦੀਆਂ ਸੁੰਦਰ ਪੌੜੀਆਂ ਪਰ ਹੀ ਪਾਠ ਕਰਨ ਲੱਗ ਪਏ। ਇਨ੍ਹਾਂ ਦੀ ਇਸ ਸਾਰੀ ਕਿਰਿਆ ਨੂੰ ਇਕ ਭਗਵੇ ਵੇਸ ਧਾਰੀ ਘੋਨ ਮੋਨ ਮਨੁਖ ਨੇ ਵੱਡੇ ਗਹੁ ਨਾਲ ਡਿੱਠਾ। ਜਦ ਪਾਠ ਦਾ ਭੋਗ ਪੈ ਚੁਕਾ ਤਦ ਭਗਵੀ ਚਾਦਰ ਵਿੱਚ ਲੁਕੇ ਹੋਏ ਸਜਨ ਨੇ ਪਾਠ ਸਮਾਪਤ ਕਰ ਚੁਕੇ ਗੰਭੀਰ ਪੁਰਸ਼ ਦੇ ਕੋਲ ਵਾਰ ਜਾਕੇ ਪੁਛਿਆ—'ਭਾਈ ਸਾਹਿਬ ਜੀ! ਮੈਂ ਤੁਹਾਨੂੰ ਇਸ਼ਨਾਨ ਕਰਨ ਦੇ ਸਮੇਂ ਤੋਂ ਹੀ ਵੇਖ ਰਿਹਾ ਹਾਂ ਤੇ ਆਪ ਦਾ ਪਾਠ ਭੀ ਗਹੁ ਨਾਲ ਸੁਣਿਆ ਹੈ, ਪ੍ਰੰਤੂ ਮੇਰੇ ਦਿਲ ਵਿਚ ਆਪ ਦੀ ਇਸ ਮ੍ਰਯਾਦਾ ਨੂੰ ਵੇਖਕੇ

Sri Satguru Jagjit Singh Ji eLibrary NamdhariElibrary@gmail.com

ਬਹੁਤ ਸ਼ੰਕੇ ਉਤਪਤ ਹੋ ਗਏ ਹਨ।ਕੀ ਆਪ ਕੁਝ ਪ੍ਰਸ਼ਨ ਕਰਨ ਦੀ ਆਗਿਆ ਦਿਓਗੇ ?'

ਸਿੰਘ–ਮਿੱਤ੍ਰ ਜੀ ! ਮੈਂ ਇਤਨਾ ਵਿਦਵਾਨ ਤੇ ਨਹੀਂ ਜੋ ਆਪ ਦੇ ਪ੍ਰਸ਼ਨ ਦਾ ਯਥਾ ਯੋਗ ਉੱਤ੍ਰ ਦੇ ਸਕਾਂ ! ਹਾਂ, ਸੱਤ ਅਸੱਤ ਦਾ ਵਿਚਾਰ ਕਰਨ ਲਈ ਯਥਾ ਬੁਧੀ ਹਾਜ਼ਰ ਹਾਂ, ਇਹ ਭੀ ਤਦ ਜੇਕਰ ਆਪ ਇਸ ਗੱਲ ਦਾ ਨਿਸਚਾ ਕਰਾਓ ਕਿ ਹਠ ਅਤੇ ਵਿਤੰਡਾ ਵਾਦ ਰੂਪ ਚਰਚਾ ਨਹੀਂ ਛੇੜੀ ਜਾਏਗੀ ਕੇਵਲ ਸੱਚ ਦੀ ਖੋਜ ਲਈ ਯਤਨ ਕੀਤਾ ਜਾਏਗਾ।

ਸ਼ੰਕਾਵਾਦੀ–ਭਾਈ ਸਾਹਿਬ ਜੀ ! ਮੈਂ ਭੀ ਏਹੋ ਚਾਹੁੰਦਾ ਹਾਂ ਕਿ ਨਿਰਪੱਖ ਖੋਜੀਆਂ ਵਾਂਗ ਉਤ੍ਰ ਪ੍ਰਸ਼ਨ ਦ੍ਵਾਰਾ ਸ਼ੰਕਾ ਸਮਾਧਾਨ ਕੀਤਾ ਜਾਵੇ, ਵਿਅਰਥ ਤਰਕ ਵਿਤਰਕ ਦੀ ਲੋੜ ਨਹੀਂ ।

ਸਿੰਘ–ਸੱਤ ਬਚਨ, ਆਪ ਜੋ ਕੁਝ ਪੁਛਣਾ ਚਾਹੁੰਦੇ ਹੋ, ਪੁਛੋ, ਹਾਂ ! ਆਪ ਦਾ ਪਵਿਤ੍ਰ ਨਾਮ ?

ਸ਼ੰਕਾਵਾਦੀ–ਮੇਰਾ ਨਾਮ ਤਰਕਾ ਨੰਦ ਹੈ, ਅਤੇ ਪ੍ਰਸ਼ਨ ਇਹ ਹੈ ਜੋ ਆਪ ਨੇ ਇਕ ਤੁਕ ਉਚਾਰਨ ਕੀਤੀ ਸੀ

**"ਕਰਮੀ ਸਹਿਜ ਨ ਉਪਜੈ**
**ਵਿਣਸਹਿਜੈਸਹਿਸਾਨਜਾਇ॥**
**ਨਹਿ ਜਾਇ ਸਹਿਸਾ ਕਿਤੈ**
**ਸੰਜਮ ਰਹੇ ਕਰਮ ਕਮਾਇ ॥"**

ਇਸ ਵਿਚ ਕਰਮਾਂ ਦਾ ਸਾਫ ਖੰਡਨ ਪੜ੍ਹਕੇ ਭੀ ਆਪ

Sri Satguru Jagjit Singh Ji eLibrary NamdhariElibrary@gmail.com

ਨੇ ਕਛਿਹਰੇ ਇਕ ਦਾ ਇਕ ਪੌਂਚਾ ਲਾਹਿਆ ਤੇ ਦੂਜੇ ਦਾ ਇਕ ਪਾਇਆ, ਕੀ ਇਹ ਕਰਮਾਂ ਦੇ ਭਰਮ ਜਾਲ ਵਿਚ ਬੱਝਣ ਦੀ ਨਿਸ਼ਾਨੀ ਨਹੀਂ ਹੈ ? ਕਿਰਪਾ ਕਰਕ ਇਹ ਸ਼ੰਕਾ ਨਵਿਰਤ ਕਰੋ ਤੇ ਆਪਣਾ ਨਾਮ ਭੀ ਦਸੋ, ਜਿਸ ਤੋਂ ਗੱਲ ਬਾਤ ਕਰਨ ਵਿਚ ਸੁਖਾਲ ਹੋ ਜਾਵੇ।

ਸਿੰਘ—ਦਾਸ ਨੂੰ ਵਿਵੇਕਾ ਸਿੰਘ ਕਹਿੰਦੇ ਹਨ, ਮੈਂ ਬੜਾ ਪ੍ਰਸੰਨ ਹਾਂ ਕਿ ਆਪ ਨੇ ਇਕ ਡਾਢਾ ਸੁਆਦਲਾ ਪ੍ਰਸ਼ਨ ਕੀਤਾ ਹੈ, ਜਿਸ ਦਾ ਉਤ੍ਰ ਦੇਣ ਨਾਲ ਕਈ ਪਾਣੀਆਂ ਨੂੰ ਲਾਭ ਪੁਜਣ ਦੀ ਆਸ ਹੈ। ਮਿਤ੍ਰ ਜੀ ! ਮੇਰੀ ਰਹਿਣੀ ਅਤੇ ਕਹਿਣੀ ਵਿਚ ਫਰਕ ਦੇਖਣ ਵਿਚ ਆਪ ਨੂੰ ਭੁਲੇਖਾ ਲੱਗਾ ਹੈ,ਕਿਉਂਕਿ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕਾਂ ਲਈ ਮਨ ਹੋਰ ਅਤੇ ਮੁਖ ਹੋਰ ਦੀ ਵਰਤੋਂ ਮਹਾਂ ਪਾਪ ਹੈ। ਅਤੇ ਅਕਾਲੀ ਬਾਣੀ ਦੇ ਸਿਧਾਂਤ ਅਨੁਸਾਰ ਅਜਿਹੇ ਲੋਕਾਂ ਨੂੰ ਪ੍ਰਲੋਕ ਵਿਚ ਢੋਈ ਨਹੀਂ ਮਿਲਦੀ। ਮੇਰੇ ਕਛਿਹਰਾ ਬਦਲਣ ਦੀ ਮ੍ਰਯਾਦਾ ਕਰਮ ਜਾਲ ਦਾ ਭਰਮ ਨਹੀਂ,ਸਗੋਂ ਮਹਾਂ ਪੁਰਸ਼ਾਂ ਦੀ ਆਗਜ਼ਾ ਦਾ ਪਾਲਨ ਹੈ, ਕਿਉਂਕਿ ਸਮਝਦਾਰ ਪੁਰਸ਼ ਲਈ ਕਿਸੇ ਸਮੇਂ ਭੀ ਨਗਨ ਹੋਣਾ ਧਰਮ ਸ਼ਾਸਤ੍ਰਾਂ ਵਿਚ ਅਸੱਭਜਤਾ ਦੀ ਨਿਸ਼ਾਨੀ ਕਹੀ ਹੈ। ਜੇਕਰ ਸਰੀਰ ਨੂੰ ਢਕਣਾ ਭੀ ਅਗਿਆਨਤਾ ਹੈ ਤਾਂ ਬਨ ਵਿਚ ਫਿਰਨ ਵਾਲੇ ਨਗਨ ਪਸ਼ੂ ਆਪ ਦੇ ਸਿਧਾਂਤ ਅਨੁਸਾਰ ਗਿਆਨਵਾਨ ਹੋਣੇ ਚਾਹੀਦੇ ਹਨ, ਕਿਉਂਕਿ ਓਹ ਮੇਰੇ ਵਾਂਗ ਕਛਿਹਰਿਆਂ ਦੇ ਧਾਰਨੀ ਨਹੀਂ ਹਨ।

ਤਰਕਾ ਨੰਦ—ਤੁਸੀ ਤਾਂ ਹੋਰ ਹੀ ਪਾਸੇ ਚਲੇ ਗਏ, ਮੇਰੇ ਕਥਨ ਦਾ ਭਾਵ ਇਹ ਹੈ ਕਿ ਤੁਹਾਨੂੰ ਧੋਤੀ, ਕੁਪੀਨ ਅਤੇ

Sri Satguru Jagjit Singh Ji eLibrary NamdhariElibrary@gmail.com

ਪਜਾਮਾ ਆਦਿ ਪਹਿਰਨ ਦੀ ਭੀ ਖੁਲ੍ਹ ਹੋਣੀ ਚਾਹੀਦੀ ਹੈ, ਕੇਵਲ ਕਛਹਿਰੇ ਦੀ ਧਾਰਨਾਂ ਬੰਧਨ ਨਹੀਂ ਤਾਂ ਹੋਰ ਕੀ ਹੈ ?

ਵਿਵੇਕਾ ਸਿੰਘ–ਸੰਤ ਜੀ ! ਕਛਹਿਰਾ ਪਹਿਰਨਾ ਪੂਰਨ ਸੁਤੰਤ੍ਰਤਾ ਹੈ ਅਤੇ ਆਪ ਦੇ ਦਸੇ ਹੋਏ ਧੋਤੀ, ਕੁਪੀਨ ਆਦਿਕ ਪੱਕੇ ਬੰਧਨ ਹਨ।

ਤਰਕਾ ਨੰਦ–ਭਈ ਇਹ ਭੀ ਖੂਬ ਸੁਆਦੀ ਗੱਲ ਹੈ ਕਿ ਬੰਧਨ ਨੂੰ ਆਜ਼ਾਦੀ ਕਹਿ ਰਹੇ ਹੋ ਤੇ ਆਜ਼ਾਦੀ ਨੂੰ ਬੰਧਨ।

ਵਿਵੇਕਾ ਸਿੰਘ–ਸੰਤ ਜੀ ! ਜ਼ਰਾ ਗਹੁ ਨਾਲ ਵਿਚਾਰਕੇ ਦੇਖੋ, ਮੈਂ ਬੰਧਨ ਨੂੰ ਆਜ਼ਾਦੀ ਨਹੀਂ ਦੱਸ ਰਿਹਾ, ਸਗੋਂ ਆਜ਼ਾਦੀ ਨੂੰ ਹੀ ਆਜ਼ਾਦੀ ਕਹਿ ਰਿਹਾ ਹਾਂ।

ਤਰਕਾ ਨੰਦ–ਓਹ ਕਿਵੇਂ, ਜ਼ਰਾ ਵਿਸਥਾਰ ਨਾਲ ਦੱਸੋ, ਤੁਹਾਡੀ ਇਸ ਗੋਲ ਮੋਲ ਗੱਲ ਦੀ ਮੈਨੂੰ ਤੇ ਕੁਝ ਸਮਝ ਨਹੀਂ ਆਈ।

ਵਿਵੇਕਾ ਸਿੰਘ–ਅੱਛਾ, ਧਿਆਨ ਨਾਲ ਸੁਣੋ, ਇਹ ਤਾਂ ਆਪ ਮੰਨਦੇ ਹੋ ਕਿ ਆਤਮਾ ਨਿੱਤ, ਮੁਕਤ, ਚੇਤਨ ਅਤੇ ਅਕ੍ਰਿਯ ਹੈ।

ਤਰਕਾ ਨੰਦ-ਜੀ ਹਾਂ ਇਹੋ ਤਾਂ ਵੇਦਾਂਤ ਦਾ ਸਿਧਾਂਤ ਹੈ।

ਵਿਵੇਕਾ ਸਿੰਘ–ਵੇਦਾਂਤ ਇਹ ਭੀ ਦਸਦਾ ਹੈ ਕਿ ਪੰਚ ਭੂਤਕ ਸਰੀਰ ਦੇ ਸਬੰਧ ਅਤੇ ਮਨ ਦੇ ਅਸਰ ਹੇਠ ਆਕੇ ਇੰਦਰੇ ਸੁਖਾਂ ਵਿਚ ਸੁਰਤ ਖਿੰਡ ਜਾਣ ਕਰਕੇ, ਆਪਾ ਭੁਲ ਜਾਣ ਨਾਲ ਆਤਮਾ ਨੂੰ ਜੀਵ ਪਦਵੀ ਮਿਲੀ ਹੈ।

ਤਰਕਾ ਨੰਦ–ਇਹ ਤਾਂ ਸੋਲਾਂ ਆਨੇ ਸੱਚ ਹੈ।

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ—ਫਿਰ ਧੋਤੀ ਕਪੀਨ ਆਦਿ ਪਹਿਰਨ ਦਾ ਸੰਕਲਪ ਮਨ ਦਾ ਹੈ ਯਾ ਆਤਮਾ ਦਾ ?

"ਪ੍ਰਬਲ ਪ੍ਰਸ਼ਨ ਸੁਣ ਸੰਤ ਜੀ
ਅਤਸੈ ਭਏ ਅਧੀਰ ॥
ਚੇਲਾ ਸਮਝਤ ਥੇ ਜਿਸੇ,
ਵਹਿ ਮਿਲਿਓ ਬਨ ਪੀਰ ॥"

ਸਿੰਘ ਜੀ ਦੇ ਉਕਤ ਪ੍ਰਸ਼ਨ ਨੇ ਸੰਤ ਜੀ ਨੂੰ ਸੋਚਾਂ ਦੇ ਸਮੁੰਦਰ ਵਿਚ ਰੁੜ੍ਹਾ ਦਿਤਾ ਕਿਉਂਕਿ ਜੇਕਰ ਆਤਮਾਂ ਦਾ ਸੰਕਲਪ ਕਹਿਣ ਤਾਂ ਪਹਿਲਾਂ ਆਤਮਾਂ ਨੂੰ ਆਪ ਸੰਕਲਪ ਰਹਿਤ ਮੰਨ ਚੁਕੇ ਹਨ। ਕੁਝ ਚਿਰ ਸੋਚਕੇ ਬੋਲੇ, ਇਸ ਤਰ੍ਹਾਂ ਤਾਂ ਮਨ ਦਾ ਸੰਕਲਪ ਹੀ ਮੰਨਣਾ ਪਊ।

ਵਿਵੇਕਾ ਸਿੰਘ—ਤਦ ਕੀ ਧੋਤੀ ਕਪੀਨ ਪਹਿਰਣ ਦੀ ਪ੍ਰੇਰਨਾ ਕਰਕੇ ਆਪ ਮੈਨੂੰ ਮਨ ਦੇ ਪੰਜੇ ਵਿੱਚ ਫਸਾਉਣਾ ਚਾਹੁੰਦੇ ਹੋ ਅਤੇ ਮਨ ਦੇ ਸੰਕਲਪ ਅਧੀਨ ਕਰਕੇ ਕੀ ਆਪ ਮੈਨੂੰ ਤ੍ਰਿਸ਼ਨਾ **ਡਾਇਣ** ਦੇ ਹਵਾਲੇ ਕਰਨਾ ਚਾਹੁੰਦੇ ਹੋ ?

ਤਰਕਾ ਨੰਦ—ਸਿੰਘ ਜੀ ! ਮੈਂ ਤੇ ਆਪ ਦਾ ਭਲਾ ਚਾਹੁੰਦਾ ਹਾਂ, ਭਲਾ ਇਹ ਤਾਂ ਦਸੋ ਕਿ ਜਿਸ ਤਰ੍ਹਾਂ ਆਪ ਨੇ ਧੋਤੀ,ਕੁਪੀਨ ਨੂੰ ਮਨ ਦਾ ਸੰਕਲਪ ਦਸਿਆ ਹੈ ਉਸੇ ਤਰ੍ਹਾਂ ਕਛਹਿਰਾ ਪਹਿਰਨਾ ਮਨ ਦਾ ਸੰਕਲਪ ਨਹੀਂ ਹੈ ?

ਵਿਵੇਕਾ ਸਿੰਘ—ਬਿਲਕੁਲ ਨਹੀਂ।

ਤਰਕਾ ਨੰਦ—ਓਹ ਕਿਵੇਂ ?

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ—ਕਿਉਂਕਿ ਮੈਂ ਆਪਣੇ ਮਨ ਦੀ ਮਰਜ਼ੀ ਨਾਲ ਕਛਿਹਰਾ ਨਹੀਂ ਪਹਿਰਦਾ, ਬਲਕਿ ਇਹ ਉਸ ਮਹਾਂ ਤੇਜੱਸ੍ਵੀ ਆਚਾਰਯ ਦੀ ਆਗਜਾ ਹੈ, ਜਿਸ ਨੇ ਮੈਨੂੰ ਸ੍ਵੈ ਸਰੂਪ ਤੋਂ ਜਾਣੂੰ ਕਰਵਾਕੇ ਜੀਵਾਂ ਦੇ ਸਭ ਤੋਂ ਵਡੇ ਸ਼ਤਰੂ ਚੰਚਲ ਮਨ ਦੇ ਪੰਜੇ ਤੋਂ ਛੁਡਾਯਾ ਹੈ।

ਤਰਕਾ ਨੰਦ—ਇਹ ਤਾਂ ਅੱਛਾ ਹੋਯਾ ਕਿ ਗੁਰੂ ਜੀ ਨੇ ਤੁਹਾਨੂੰ ਆਤਮ ਗਿਆਨ ਬਖਸ਼ਕੇ ਬੰਧਨਾਂ ਤੋਂ ਆਜ਼ਾਦ ਕੀਤਾ ਪਰ ਕਛਿਹਰੇ ਦਾ ਵਾਧੂ ਬੰਧਨ ਕਿਉਂ ਪਾ ਦਿਤਾ ?

ਵਿਵੇਕਾ ਸਿੰਘ—ਸੰਤ ਜੀ ! ਏਹ ਬੰਧਨ ਨਹੀਂ ਸਗੋਂ ਗੁਰੂ ਸਾਹਿਬ ਜੀ ਨੇ ਆਤਮ ਗਿਆਨ ਨੂੰ ਕਾਇਮ ਰਖਣ ਦਾ ਭੀ ਪੂਰਾ ਪਰਬੰਧ ਕਰ ਦਿਤਾ ਹੈ। ਜੇਕਰ ਆਪ ਅਜਿਹਾ ਨਾ ਕਰਦੇ ਤਦ ਪਾਪੀ ਮਨ ਅਜ ਧੋਤੀ ਪਹਿਨਕੇ ਪ੍ਰਸੰਨ ਹੁੰਦਾ ਕਲ ਕੁਪੀਨ ਵਲ ਉਠ ਨਸਦਾ ਤੇ ਪਰਸੋਂ ਨੰਗੇ ਰਹਿਣ ਨੂੰ ਹੀ ਗਿਆਨ ਦਾ ਲੱਛਣ ਦੱਸਦਾ। ਮਨ ਦੀਆਂ ਖ੍ਵਾਹਸ਼ਾਂ ਦੇ ਅਧੀਨ ਹੋ ਜਾਣ ਨਾਲ ਆਤਮ ਗਿਆਨ ਦੀ ਦਾਤ ਫੇਰ ਹਥੋਂ ਖੁਸ ਜਾਂਦੀ,ਜਿਸ ਤੋਂ ਗਿਆਨਵਾਨ ਪੁਰਸ਼ਾਂ ਦਾ ਸਮੂਹ ਖਾਲਸਾ ਪੰਥ ਮਨ ਮੰਨੇ ਭੇਖਾਂ ਵਿਚ ਫਸਕੇ, ਸਭ ਭਾਂਤੀ ਖਿਚੜੀ ਯਾ ਘਮਸਾਨ ਚੌਦੇ ਬਣ ਜਾਂਦਾ। ਇਸ ਆਪੋ ਧਾਪੀ ਵਿਚ ਬ੍ਰਹਮ ਵਿਚਾਰ ਲਾਂਭੇ ਹੀ ਪਈ ਰਹਿ ਜਾਂਦੀ।

ਤਰਕਾ ਨੰਦ—ਭਲਾ ਆਤਮ ਗਿਆਨ ਨਾਲ ਸਰੀਰ ਦੀ ਰਹਿਤ ਮ੍ਰਯਾਦਾ ਦਾ ਕੀ ਸੰਬੰਧ ਹੈ ? ਮੈਂ ਦਾਵੇ ਨਾਲ ਕਹਿੰਦਾ ਹਾਂ, ਜੇਕਰ ਗੁਰੂ ਸਾਹਿਬ ਰਹਿਤ ਦਾ ਬੰਧਨ ਨਾ ਪਾਉਂਦੇ ਤਦ ਪੂਰਨ ਸੁਤੰਤਰ ਹੋਕੇ ਖਾਲਸਾ ਬ੍ਰਹਮ ਗਿਆਨ

Sri Satguru Jagjit Singh Ji eLibrary NamdhariElibrary@gmail.com

ਦੇ ਸਾਧਨ ਵਿਚ ਹੁਣ ਤੋਂ ਵਧੀਕ ਪ੍ਰਵਿਰਤ ਹੋ ਜਾਂਦਾ।

ਵਿਵੇਕਾ ਸਿੰਘ—ਸੰਤ ਜੀ ਜੇਕਰ ਆਪ ਦਾ ਖਿਆਲ ਸਹੀ ਹੁੰਦਾ ਤਦ ਬਾਬੇ ਸ੍ਰੀ ਚੰਦ ਜੀ ਦੀ ਚਲਾਈ ਹੋਈ ਉਦਾਸੀ ਸੰਪਰਦਾ ਇਕੋ ਮਹਾਤਮ ਦੀ ਪੱਧਿਤ ਹੁੰਦਿਆਂ ਹੋਇਆਂ (ਖੇਰੂ ਖੇਰੂ ਹੋਕੇ) ਇਕ ਦੂਜੇ ਦੇ ਲਹੂ ਦੀ ਪਿਆਸੀ ਨ ਬਣਦੀ। ਜਿਹਾ ਕਿ ਕਈ ਸਾਧੂ ਤਾਂ ਸਿਰ ਵਿਚ ਬੋਹੜ ਦਾ ਦੁਧ ਅਤੇ ਬਿਭੂਤੀ ਥੱਪਣ ਨੂੰ ਹੀ ਮੁਕਤੀ ਦਾ ਸਾਧਨ ਸਮਝਦੇ ਹਨ, ਪਰ ਦੂਜੇ ਪਾਸੇ ਉਦਾਸੀ ਕਹਾਉਣ ਵਾਲਿਆਂ ਦਾ ਦੂਜਾ ਟੋਲਾ ਘੋਨ ਮੋਨ ਬਣ ਟਿੰਡ ਚਿਲਕਾਈ ਰੱਖਣ ਨੂੰ ਹੀ ਗਿਆਨ ਦਾ ਸਾਧਨ ਸਮਝਦਾ ਹੈ ਅਤੇ ਇਨ੍ਹਾਂ ਦੋਹਾ ਤੋਂ ਵਖਰੇ ਇਸੇ ਸੰਪਰਦਾਇ ਦੇ ਤੀਸਰੇ ਜਥੇ ਨੇ ਅਲਫ ਨੰਗੇ ਰਹਿਣ ਨੂੰ ਹੀ ਕਲਿਆਣ ਕਾਰੀ ਸਮਝਿਆ ਹੋਇਆ ਹੈ। ਇਸ ਵਿਚ ਸ਼ੱਕ ਨਹੀਂ ਕਿ ਉਦਾਸੀ ਭੇਖ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਨੇ ਰਹਿਤ ਬਹਿਤ ਦੀ ਕੋਈ ਹੱਦ ਨਿਯਤ ਨਹੀਂ ਕੀਤੀ। ਪਰ ਵੇਖਣਾ ਇਹ ਹੈ ਕਿ ਰਹਿਤ ਬਹਿਤ ਵਲੋਂ ਸੁਤੰਤ੍ਰ ਹੋਕੇ ਕੀ ਸਾਧੂ ਲੋਕ ਆਤਮ ਗਿਆਨ ਦ ਵਿਚਾਰਾਂ ਵਿਚ ਹੋਰਨਾਂ ਤੋਂ ਵਧੀਕ ਜੁੱਟੇ ਰਹਿੰਦੇ ਹਨ ? ਨਹੀਂ ਸਗੋਂ ਤਜਰਬਾ ਦਸਦਾ ਹੈ ਕਿ ਬ੍ਰਹਮ ਗਿਆਨ ਤਾਂ ਕਿਤੇ ਰਿਹਾ, ਸਾਧਾਰਣ ਧਰਮ ਨੂੰ ਕਾਇਮ ਰਖਣ ਵਾਲਾ ਖਿਮਾਂ ਦਾ ਗੁਣ ਭੀ ਉਨ੍ਹਾਂ ਨੂੰ ਪਾਪਤ ਨਹੀਂ ਹੋਇਆ, ਕਿਉਂਕਿ ਇਸੇ ਕੁੰਭ ਦੇ ਮੇਲੇ ਪਰ ਸ਼ਾਹੀਆਂ ਦੇ ਪਹਿਲੋਂ ਪਿਛੋਂ ਕਢਣ ਦੇ ਸਵਾਲ ਤੋਂ ਇਨ੍ਹਾਂ ਦਿਖਾਵੇ ਦੇ ਸਾਧੂਆਂ ਦੀ ਆਪੋ ਵਿਚ ਓਹ ਝੜਪ ਹੋਈ ਜੁ ਕਈ ਜਾਨਾਂ ਤਬਾਹ ਹੋ ਗਈਆਂ। ਆਪ ਹੀ ਸੋਚੋ ਕਿ ਇਹ ਕਾਹਦਾ

Sri Satguru Jagjit Singh Ji eLibrary NamdhariElibrary@gmail.com

ਝਗੜਾ ਹੈ ਤੇ ਇਨ੍ਹਾਂ ਦੀ ਆਪਸ ਵਿਚ ਇਤਨੀ ਵੈਰ ਕਿਉਂ ਹੈ ? ਬਸ ! ਇਹੋ ਕਿ ਇਕ ਜਟਾਧਾਰੀ ਅਵਧੂਤ ਕਹਾਉਂਦੇ ਹਨ ਤੇ ਦੂਏ ਪਰਮ ਹਸ, ਤੀਜੇ ਦਿਗੰਬਰ। ਜਿਸ ਤੋਂ ਸਿੱਧ ਹੈ ਕਿ ਇਨ੍ਹਾਂ ਦੇ ਸਰੀਰਾਂ ਦੀ ਵਖੋ ਵਖਰੀ ਰਹਿਤ ਬਹਿਤ ਹੀ ਆਪਸ ਵਿਰਦੀ ।ਇਸ ਕਰੜੀ ਜੰਗ ਦਾ ਕਾਰਨ ਹੈ। ਜੇਕਰ ਬਾਬਾ ਸ੍ਰੀ ਚੰਦ ਜੀ ਆਪਣੇ ਭੇਖ ਦੀ ਰਹਿਤ ਮਰਯਾਦਾ ਭੀ ਇਕੋ ਹੀ ਦਸ ਜਾਂਦੇ, ਤਦ ਉਨ੍ਹਾਂ ਦੀ ਸੰਪਰਦਾਇ ਦੇ ਕਈ ਟੁਕੜੇ ਤਾਂ ਨਾਂ ਹੁੰਦੇ।

ਤਰਕਾ ਨੰਦ—ਆਪ ਤਾਂ ਚਰਚਾ ਦਾ ਰੁਖ ਹੀ ਕਿਸੇ ਹੋਰ ਪਾਸੇ ਲੈ ਗਏ, ਪਰ ਜ਼ਰਾ ਇਸ ਗੁਰਬਾਣੀ ਦੀ ਤੁਕ ਦਾ ਭਾਵ ਤਾਂ ਸੋਚੋ।

**ਗਿਆਨਹਿ ਕਾਰਣ ਕਰਮ ਅਭਿਯਾਸ ॥**
**ਗਿਆਨ ਭਇਆ ਤਬ ਕਰਮਹਿ ਨਾਸ ॥**

ਅਰਥਾਤ ਗਿਆਨ ਵਾਨ ਲਈ ਕਿਸੇ ਕਰਮ ਦਾ ਬੰਧਨ ਨਹੀਂ।

ਵਿਵੇਕਾ ਸਿੰਘ—ਸੰਤ ਜੀ ! ਜੇਕਰ ਇਸ ਤੁਕ ਦਾ ਆਪ ਦੇ ਕਹੇ ਅਨੁਸਾਰ ਇਹੋ ਭਾਵ ਹੈ ਤਦ ਕ੍ਰਿਪਾ ਕਰਕੇ ਇਹ ਤਾਂ ਦਸੋ ਕਿ ਸੱਚ ਬੋਲਣਾ,ਦੀਨ ਦੁਖੀ ਦੀ ਮਦਦ ਕਰਨੀ ਅਤੇ ਇਨਸਾਫ ਨੂੰ ਹਥੋਂ ਨਾ ਛੱਡਣਾ ਆਦਿ ਸ਼ੁਭ ਗੁਣ ਭੀ ਗਿਆਨ ਦੇ ਸਾਧਨ ਹਨ ਯਾ ਨਹੀਂ ?

ਤਰਕਾ ਨੰਦ—ਕਿਉਂ ਨਹੀਂ ਇਹ ਤਾਂ ਹਰ ਇਕ ਮੰਨਦਾ ਹੈ ਕਿ ਆਤਮ ਗਿਆਨ ਦੇ ਅਭਿਲਾਖੀ ਨੂੰ ਖਿਮਾ,

Sri Satguru Jagjit Singh Ji eLibrary NamdhariElibrary@gmail.com

ਧੀਰਜ, ਸੱਚ ਅਤੇ ਇਨਸਾਫ ਆਦੀ ਸ਼ੁਭ ਗੁਣ ਜ਼ਰੂਰ ਧਾਰਨ ਕਰਨੇ ਚਾਹੀਦੇ ਹਨ।

ਵਿਵੇਕਾ ਸਿੰਘ—ਆਪ ਨੂੰ ਇਹ ਵੀ ਪਤਾ ਹੋਣਾ ਹੈ ਕਿ ਮਹਾਤਮਾ ਵਸ਼ਿਸ਼ਟ,ਵਿਦੇਹੀ ਜਨਕ ਅਤੇ ਮਹਾਂ ਰਿਸ਼ੀ ਵਿਆਸ ਆਦਿ ਪੁਰਨ ਤੱਤਵੇਤਾ ਬ੍ਰਹਮ ਗਿਆਨੀ ਸਨ।

ਤਰਕਾਨੰਦ—ਇਸ ਗੱਲ ਤੋਂ ਇਨਕਾਰ ਹੀ ਕਿਸ ਨੂੰ ਹੈ।

ਵਿਵੇਕਾ ਸਿੰਘ—ਤਦ ਕੀ ਆਪ ਏਹ ਸਿੱਧ ਕਰੋਗੇ ਕਿ ਗਿਆਨ ਹੋ ਜਾਣ ਪਿਛੋਂ ਮਹਾਰਾਜ ਜਨਕ ਨੇ ਪਰਜਾ ਨਾਲ ਇਨਸਾਫ ਕਰਨਾ ਛਡ ਦਿਤਾ ਸੀ ? ਯਾ ਮਹਾਤਮਾਂ ਵਸ਼ਿਸ਼ਟ ਜੀ ਝੂਠ ਬੋਲਣ ਲੱਗ ਪਏ ਸਨ ? ਅਥਵਾ ਵਿਆਸ ਜੀ ਦਾ ਸੁਭਾਉ ਕ੍ਰੋਧੀ ਜਾਂ ਸੜੀਅਲ ਹੋ ਗਿਆ ਸੀ ?

ਤਰਕਾ ਨੰਦ—(ਘਬਰਾਕੇ) ਇਹ ਤਾਂ ਨਹੀਂ ਹੋ ਸਕਦਾ ਕਿ ਇਤਨੇ ਵਡੇ ਮਹਾਂ ਪੁਰਸ਼ਾਂ ਨੇ ਸ਼ੁਭ ਕਰਮਾਂ ਦਾ ਤਿਆਗ ਕਰ ਦਿੱਤਾ ਹੋਵੇ।

ਵਿਵੇਕਾ ਸਿੰਘ—ਫਿਰ ਆਪ ਨੇ ਗੁਰਬਾਣੀ ਦਾ ਇਹ ਭਾਵ ਕਿਵੇਂ ਸਮਝ ਲਿਆ ਕਿ ਗਿਆਨ ਤੋਂ ਉਪਰੰਤ ਕਰਮਾਂ ਦਾ ਨਾਸ ਹੋ ਜਾਂਦਾ ਹੈ ?

ਤਰਕਾ ਨੰਦ—ਸਿੰਘ ਜੀ ! ਆਪ ਦੀ ਕ੍ਰਿਪਾ ਨਾਲ ਮੈਨੂੰ ਆਪਣੀ ਭੁਲ ਪ੍ਰਤੀਤ ਹੋ ਗਈ ਹੈ, ਜੇਕਰ ਇਸ ਗੁਰ-ਬਾਣੀ ਦੀ ਤੁਕ ਦਾ ਠੀਕ ਅਰਥ ਮੈਨੂੰ ਸਮਝਾ ਦਿਓ, ਤਦ ਚੰਗੀ ਤਰ੍ਹਾਂ ਸੰਸਾ ਦੂਰ ਹੋ ਜਾਵੇ।

ਵਿਵੇਕਾ ਸਿੰਘ—ਸੰਤ ਜੀ ! ਬਾਣੀ ਦਾ ਅਰਥ ਕਰਨ ਲਈ ਨਾਮ ਅਭਿਆਸ ਅਤੇ ਸ਼ੁਧ ਮਨ ਦੀ ਲੋੜ ਹੈ। ਭਾਵੇਂ

Sri Satguru Jagjit Singh Ji eLibrary NamdhariElibrary@gmail.com

ਮੈਂ ਇਨ੍ਹਾਂ ਦੋਹਾਂ ਗੱਲਾਂ ਵਿਚ ਪੂਰਨ ਨਹੀਂ ਹਾਂ, ਪ੍ਰੰਤੂ ਤਾਂ ਭੀ ਯਥਾ ਬੁਧੀ ਗੁਰਬਾਣੀ ਦਾ ਭਾਵ ਦਸਣ ਦਾ ਯਤਨ ਕਰਦਾ ਹਾਂ, ਧਿਆਨ ਨਾਲ ਸੁਣੋਃ—ਪਰਮ ਬ੍ਰਹਮ ਦੇ ਗਿਆਤਾ ਆਤਮ ਗਿਆਨੀ ਮਹਾਂ ਪੁਰਸ਼ਾਂ ਨੇ ਕਰਮ ਸ਼ਬਦ ਦੇ ਤਿੰਨ ਭੇਦ ਦੱਸੇ ਹਨ ਅਰਥਾਤ ਸਾਤਕੀ, ਰਾਜਸੀ, ਤਾਮਸੀ। ਸੰਸਾਰ ਦੇ ਜੀਵਾਂ ਦੀ ਗਤੀ, ਇਨ੍ਹਾਂ ਤਿੰਨਾਂ ਕਰਮਾਂ ਦੁਆਰਾ ਹੀ ਹੋ ਰਹੀ ਹੈ। ਰਾਜਸੀ ਅਤੇ ਤਾਮਸੀ ਕਰਮਾਂ ਵੱਲ ਬਹੁਤ ਛੇਤੀ ਜੀਵਾਂ ਦਾ ਝੁਕਾਉ ਹੋ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਇੰਦ੍ਰੇ ਸੁਖ ਹੋਣ ਕਰਕੇ,ਅਗਿਆਨੀ ਜੀਵ ਬਹੁਤ ਛੇਤੀ ਪ੍ਰਵਿਰਤ ਹੋ ਜਾਂਦੇ ਹਨ ਪਰੰਤੂ ਆਤਮ ਸੁਖ ਦੇ ਦੇਨ ਵਾਲੇ ਸਾਤਕੀ ਕਰਮਾਂ ਵਲ ਬਹੁਤ ਵਿਰਲੇ ਪੁਰਸ਼ ਝੁਕਦੇ ਵਿਖਾਈ ਦਿੰਦੇ ਹਨ, ਕਿਉਂਕਿ ਇਸ ਵਿਚ ਇੰਦਰੇ ਸੁਖ ਨਹੀਂ ਅਤੇ ਨਾਂ ਹੀ ਆਤਮ ਸੁਖ ਦੀ ਸ਼ੀਘਰ ਪ੍ਰਾਪਤੀ ਹੁੰਦੀ ਹੈ। ਇਸ ਲਈ ਸਾਧਾਰਣ ਜੀਵਾਂ ਦੀ ਪ੍ਰਵਿਰਤੀ ਤਦੋਂ ਤਕ ਸਾਤਕੀ ਕਰਮਾਂ ਵਿਚ ਨਹੀਂ ਹੁੰਦੀ ਜਦ ਤਕ ਆਤਮ ਗਿਆਨੀ ਮਹਾਂ ਪੁਰਸ਼, ਮਨ ਦੀ ਚੰਡਾਲ ਚੌਂਕੜੀ ਵਿਚ ਫਸੇ ਹੋਏ ਜੀਵ ਨੂੰ, ਆਤਮ ਸੁਖ ਦੀ ਉਤਮਤਾ ਦਸਕੇ, ਬ੍ਰਹਮ ਵਿਚ ਲੀਨ ਹੋਣ ਦਾ ਉਪਦੇਸ਼ ਨਾਂ ਕਰੇ; ਕਿਉਂਕਿ ਜਦ ਤਕ ਮਨ ਇੰਦ੍ਰੀਆਂ ਦੁਆਰਾ ਰਾਜਸੀ ਅਤੇ ਤਾਮਸੀ ਕਰਮਾਂ ਰੂਪ ਵਿਸ਼ਿਆਂ ਵਿਚ ਪ੍ਰਵਿਰਤ ਹੈ, ਤਦ ਤਕ ਇਸ ਨੂੰ ਆਤਮ ਸੁਖ ਪ੍ਰਾਪਤ ਕਰਨ ਦੀ ਇੱਛਾ ਹੀ ਨਹੀਂ ਹੁੰਦੀ।

ਬ੍ਰਹਮ ਗਿਆਨੀ ਮਹਾਂ ਪੁਰਸ਼ ਰਜ, ਸਤ ਮਈ ਕਰਮਾਂ ਦੇ ਭਰਮ ਜਲ ਰੂਪੀ ਚਿਕੜ ਵਿਚੋਂ ਕਢਣ ਲਈ ਜੀਵ ਨੂੰ ਸਤੋ ਗੁਣੀ ਕਰਮਾਂ ਵਿਚ ਪਰਵਿਰਤ ਕਰਨ ਦਾ ਉਪਦੇਸ਼

Sri Satguru Jagjit Singh Ji eLibrary NamdhariElibrary@gmail.com

ਕਰਦੇ ਹਨ। ਜਿਸ ਦਾ ਸੁਤੇ ਸਿੱਧ ਫਲ ਇਹ ਹੁੰਦਾ ਹੈ ਕਿ ਜਗਿਆਸੂ ਰਜੋ ਤਮੋ ਮਈ ਕਰਮਾਂ ਨੂੰ ਛਡ ਬੈਠਦਾ ਹੈ, ਇਸ ਲਈ ਅੰਤ੍ਰਯਾਮੀ ਸਤਿਗੁਰੂ ਫਰਮਾਂਉਂਦੇ ਹਨ ਕਿ "ਗਿਆਨੈ ਕਾਰਣ" ਗਿਆਨ ਦੀ ਪ੍ਰਾਪਤੀ ਲਈ ਜਗਿਆਸੂ ਕੋਲੋਂ ਸਤੋ ਗੁਣੀ ਕਰਮਾਂ ਦਾ (ਕਰਮ ਅਭਜਾਸ) ਅਭਿਆਸ ਕਰ-ਵਾਇਆ ਜਿਸ ਦੇ ਬਲ ਨਾਲ ਆਤਮਾਂ ਦਾ ਸਾਖਯਾਤ ਰੂਪੀ (ਗਿਆਨ ਭਜੋ) ਗਿਆਨ ਹੋ ਗਿਆ ਅਤੇ ਇਸ ਦੇ ਪਰਤਾਪ ਨਾਲ (ਤਬ) ਉਸੇ ਵੇਲੇ ਰਜੋ ਤਮੋ ਮਈ (ਕਰਮਹਿ ਨਾਸ) ਕਰਮਾਂ ਦਾ ਨਾਸ ਹੋ ਗਿਆ। ਇੰਦ੍ਰੀਆਂ ਦੇ ਵਿਸ਼ੇ ਗਿਆਨ-ਵਾਨ ਨੂੰ ਆਪਣੀ ਵਲ ਖਿਚਦੇ ਹਨ, ਪਰ ਓਹ ਸ੍ਵ ਸਰੂਪ ਦੇ ਸੁਖ ਵਿਚ ਮਸਤ ਹੋਇਆ ਕਹਿੰਦਾ ਹੈ **"ਕਤ ਜਾਈਐ ਰੇ ਘਰ ਲਾਗੋ ਰੰਗ, ਮੇਰਾ ਚਿਤ ਨ ਚਲੈ ਮਨ ਭਇਓ ਪਿੰਗ"** ਅਤੇ ਇਸ ਕਰਕੇ **"ਰਹਿਤ ਰਹਿਤ ਰਹਿ ਜਾਇ ਬਿਕਾਰਾ"** ਦੇ ਮਹਾਂ ਵਾਕ ਅਨੁਸਾਰ ਇੰਦ-ਰੀਆਂ ਦੀ ਚੰਚਲਤਾ ਨਸ਼ਟ ਹੋ ਜਾਂਦੀ ਹੈ, ਤੇ ਆਤਮ ਗਿਆਨੀ ਪੁਰਸ਼ ਨੂੰ ਜਨਮਾਤਰਾਂ ਦੇ ਸਾਥੀ, ਆਕੀ ਮਨ ਉੱਪਰ ਫਤਹ ਪ੍ਰਾਪਤ ਹੋ ਜਾਂਦੀ ਹੈ। ਦੇਖੋ ਕਬੀਰ ਸਾਹਿਬ ਜੀ ਇਸੇ ਉਪਰਲੇ ਚਿਤ੍ਰ ਨੂੰ ਕੇਹੀ ਖੂਬੀ ਨਾਲ ਖਿਚਕੇ ਦਸਦੇ ਹਨ:—

ਕਿਉਂ ਲੀਜੇ ਗਢ ਬੰਕਾ ਭਾਈ। ਦੋਵਰ ਕੋਟ ਅਰ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ ਆੜੀ ਪਰਬਲ ਮਾਇਆ ॥ ਜਨ ਗ੍ਰੀਬ

Sri Satguru Jagjit Singh Ji eLibrary NamdhariElibrary@gmail.com

ਕੋ ਜ਼ੋਰ ਨ ਪਹੁੰਚੈ ਕਹਾਂ ਕਰਉ ਰਘੁਰਾਇਆ ॥ ਕਾਮੁ ਕਿਵਾਰੀ ਦੁਖ ਸੁਖ ਦਰਵਾਨੀ ਪਾਪ ਪੁੰਨ ਦਰਵਾਜਾ ॥ ਕ੍ਰੋਧ ਪਰਧਾਨ ਮਹਾਂ ਬਡ ਦੁੰਦਰ ਤਹਿ ਮਨੁ ਮਾਵਾਸੀ ਰਾਜਾ ॥ ਸ੍ਵਾਦ ਸਨਾਹ ਟੋਪ ਮਮਤਾ ਕੋ ਕੁਬੁਧ ਕਮਾਨ ਚਢਾਈ। ਤ੍ਰਿਸ਼ਨਾਂ ਤੀਰ ਰਹੇ ਘਟਿ ਭੀਤਰ ਇਉਂ ਗੜ੍ਹ ਲੀਓ ਨ ਜਾਈ । ਪ੍ਰੇਮ ਪਲੀਤਾ ਸੁਰਤ ਹਵਾਈ ਗੋਲਾ ਗਿਆਨ ਚਲਾਇਆ। ਬ੍ਰਹਮ ਅਗਨ ਸਹਿਜੇ ਪਰ ਜਾਲੀ ਏਕਹਿ ਚੋਟ ਸਿਝਾਇਆ ॥ ਸਤ ਸੰਤੋਖ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥ਸਾਧ ਸੰਗਤਿ ਅਰ ਗੁਰ ਕੀ ਕਿਰਪਾ ਤੇ ਪਕੜਿਓ ਗਢ ਕੋ ਰਾਜਾ ॥ ਭਗਵਤ ਭੀਰ ਸਕਤ ਸਿਮਰਨ ਕੀ ਕਟੀ ਕਾਲ ਭੈ ਫ਼ਾਸੀ ॥ ਦਾਸ ਕਬੀਰ ਚੜ੍ਹਿਓ ਗੜ੍ਹ ਊਪਰ ਰਾਜ ਲੀਓ ਅਵਿਨਾਸੀ ॥

ਹੁਣ ਆਪ ਸਮਝ ਗਏ ਹੋਵੋਗੇ ਕਿ ਜਦੋਂ ਤੀਕ ਆਤਮਾ ਮਨ ਦੇ ਪੰਜੇ ਵਿਚ ਹੈ ਤਦੋਂ ਤੀਕ ਪੁਰਸ਼ ਦੀ ਰਜੋ, ਤਮੋ ਮਈ ਕੁਕਰਮਾਂ ਵਲ ਰੁਚੀ ਰਹਿੰਦੀ ਹੈ, ਪਰ ਆਤਮਾਂ ਦੇ ਸੁਤੰਤ੍ਰ ਹੋਣ ਨਾਲ ਸੁਤੇ ਸਿਧ ਹੀ ਰਜੋ,ਤਮੋ ਮਈ ਕਰਮਾਂ ਵਲੋਂ ਪੁਰਸ਼ ਦੀ ਰੁਚੀ ਹਟ ਜਾਂਦੀ ਹੈ, ਅਤੇ ਇਹੋ ਕਰਮਾਂ ਦਾ ਨਾਸ਼ ਕਿਹਾ ਹੈਪਰ ਇਸ ਦਾ ਇਹ ਭਾਵ ਨਹੀਂ ਕਿ ਪੁਰਸ਼ ਜੀਉਂਦਾ ਜੀ ਪੱਥਰ ਬਣਕੇ ਪਿਆ ਰਹਿੰਦਾ ਹੈ, ਸਗੋਂ ਇਸ ਦਾ ਇਹ ਭਾਵ ਹੈ ਕਿ ਰਜੋ, ਤਮ ਮਈ ਚੰਚਲਤਾ ਭਰੇ ਕਰਮਾਂ ਨੂੰ ਛਡਕੇ ਮਨ ਸਤੋ ਗੁਣੀ ਕਰਮਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ।

ਤਰਕਾ ਨੰਦ—ਜਿਸ ਤਰ੍ਹਾਂ ਆਪ ਨੇ ਗਿਆਨ ਹੋ ਜਾਣ

Sri Satguru Jagjit Singh Ji eLibrary NamdhariElibrary@gmail.com

ਪਿਛੋਂ ਰਜੋ ਤਮੋ ਮਈ ਕਰਮਾ ਦਾ ਨਾਸ਼ ਮੰਨਿਆਂ ਹੈ ਏਸੇ ਤਰਾਂ ਵੇਦਾਂਤ ਵਿਚ ਗਿਆਨ ਹੋ ਜਾਣ ਪਿਛੋਂ ਤਿੰਨੇ ਪਕਾਰ ਦੇ ਕਰਮਾਂ ਦਾ ਨਾਸ਼ ਮੰਨਿਆਂ ਹੈ। ਕਿਉਂਕਿ ਗਿਆਨਵਾਨ ਲਈ ਸਾਰੇ ਕਰਮ ਬੰਧਨ ਰੂਪ ਹਨ।

ਵਿਵੇਕਾ ਸਿੰਘ—ਅਜਿਹਾ ਸਮਝਣ ਵਿਚ ਆਪ ਭੁਲ ਕਰ ਰਹੇ ਹੋ। ਭਲਾ ਇਹ ਤਾਂ ਦੱਸੋ ਕਿ ਗਿਆਨਵਾਨ ਦਾ ਦਰਜਾ ਆਮ ਸੰਸਾਰੀਆਂ ਤੋਂ ਉੱਚਾ ਹੈ ਜਾ ਉਨ੍ਹਾਂ ਜਿਹਾ ਹੀ?

ਤਰਕਾ ਨੰਦ—ਲੌਕਿਕ ਅਤੇ ਵੈਦਿਕ ਦੋਹਾਂ ਦੀ ਰੀਤੀ ਅਨੁਸਾਰ ਗਿਆਨੀ ਦਾ ਦਰਜਾ ਸੰਸਾਰੀਆਂ ਤੋਂ ਬਹੁਤ ਉੱਚਾ ਹੈ, ਵੇਖੋ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:—

"ਬ੍ਰਹਮ ਗਿਆਨੀ ਕੋ ਖੋਜੇ ਮਹੇਸੁਰ। ਨਾਨਕ ਬ੍ਰਹਮ ਗਿਆਨੀ ਆਪ ਪਰਮੇਸਰੁ ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ। ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥"

ਵਿਵੇਕਾ ਸਿੰਘ—ਧੰਨ ਹੈ ਓਹ ਮੁਖ ਜਿਸ ਵਿਚੋਂ ਸਚ ਖੰਡੀ ਬਾਣੀ ਦੀ ਪਵਿੱਤ੍ਰ ਧੁਨ ਨਿਕਲੇ, ਪਰ ਕੀ ਆਪ ਇਨ੍ਹਾਂ ਮਹਾਂ ਵਾਕਾਂ ਦਾ ਸਿਧਾਂਤ ਸਮਝਦੇ ਹੋ ?

ਤਰਕਾ ਨੰਦ—ਹਾਂ, ਕਿਉਂ ਨਹੀਂ, ਇਨ੍ਹਾਂ ਵਾਕਾਂ ਦੁਆਰਾ ਗੁਰੂ ਜੀ ਨੇ ਬ੍ਰਹਮ ਗਿਆਨੀ ਦੀ ਵਿਸ਼ੇਸ਼ਤਾ ਦੱਸੀ ਹੈ।

ਵਿਵੇਕਾ ਸਿੰਘ—ਇਸ ਤੋਂ ਆਪ ਸਮਝ ਗਏ ਹੋਵੋਗੇ ਕਿ ਬ੍ਰਹਮ ਗਿਆਨੀ ਦੀ ਜ਼ਿੰਦਗੀ ਸੰਸਾਰ ਵਿਚ ਬਹੁਤ ਕੀਮਤੀ ਹੈ।

ਤਰਕਾ ਨੰਦ—ਜ਼ਰੂਰ! ਕਿਉਂ ਕਿ ਬ੍ਰਹਮ ਗਿਆਨੀ

Sri Satguru Jagjit Singh Ji eLibrary NamdhariElibrary@gmail.com

ਮਹਾਤਮਾ ਅਗਿਆਨ ਵਸ ਦੁਖੀ ਜੀਵਾਂ ਨੂੰ ਗਿਆਨ ਦ੍ਰਿੜ੍ਹਾਕੇ ਸੁਖੀ ਕਰ ਸਕਦਾ ਹੈ।

ਵਿਵੇਕਾ ਸਿੰਘ—ਅਜਿਹੀ ਕੀਮਤੀ ਜ਼ਿੰਦਗੀ ਵਾਲਾ ਗਿਆਨੀ ਜੇਕਰ ਤੁਹਾਡੇ ਸਿਧਾਂਤ ਅਨੁਸਾਰ ਕਰਮਾਂ ਦਾ ਤਿਆਗ ਕਰ ਦੇਵੇ, ਤਦ ਕੀ ਓਹ ਆਪਣੇ ਕੀਮਤੀ ਜੀਵਨ ਨੂੰ ਤਬਾਹ ਕਰ ਲਵੇ ?

ਤਰਕਾ ਨੰਦ—ਓਹ ਕਿਸ ਤਰ੍ਹਾਂ ?

ਵਿਵੇਕਾ ਸਿੰਘ—ਕਿਉਂਕਿ ਤੁਸੀਂ ਜੋ ਕਹਿੰਦੇ ਹੋ, ਗਿਆਨੀ ਨੂੰ ਕਰਮਾਂ ਦੀ ਲੋੜ ਨਹੀਂ, ਇਸ ਲਈ ਉਸ ਨੂੰ ਬਸਤਰ ਪਹਿਰਨੇ ਛਡਣੇ ਪੈਣਗੇ ਅਤੇ ਭੋਜਨ ਆਦਿ ਦਾ ਭੀ ਤਿਆਗ ਕਰਨਾਂ ਪਵੇਗਾ, ਜਿਸ ਤੋਂ ਇਕ ਹਫਤੇ ਅੰਦਰ ਅੰਦਰ ਹੀ ਗਿਆਨੀ ਸਾਹਿਬ ਸਚਖੰਡ ਨੂੰ ਪਧਾਰ ਜਾਣਗੇ।

ਤਰਕਾ ਨੰਦ—ਸਿੰਘ ਜੀ ! ਖਾਣਾ ਪੀਣਾ ਪਹਿਨਣਾ ਤਾਂ ਹਰ ਹਾਲਤ ਵਿਚ ਜ਼ਰੂਰੀ ਹੈ ਕਿਉਂਕਿ ਇਸ ਬਿਨਾਂ ਗਿਆਨ-ਵਾਨ ਦਾ ਸਰੀਰ ਨਹਾਂ ਰਹਿੰਦਾ।

ਵਿਵੇਕਾ ਸਿੰਘ—ਪਰ ਕੀ ਇਹ ਕਰਮ ਨਹੀਂ।

ਤਰਕਾ ਨੰਦ—ਹੈ ਤਾਂ ਕਰਮ ਪਰ ਗਿਆਨਵਾਨ ਆਮ ਸੰਸਾਰੀਆਂ ਦੀ ਤਰ੍ਹਾਂ ਜਿਹਬਾ ਯਾ ਕਿਸੇ ਹੋਰ ਇੰਦਰੇ ਦੇ ਰਸ ਲਈ ਮਨ ਨੂੰ ਚੰਚਲ ਕਰਨ ਵਾਲਾ ਭੋਜਨ ਨਹੀਂ ਕਰਦਾ ਅਤੇ ਨਾ ਹੀ ਸਰੀਰ ਦੀ ਸੋਭਾ ਵਧਾਉਣ ਲਈ ਭੜਕੀਲੇ ਬਸਤਰ ਪਹਿਰਦਾ ਹੈ, ਬਲਕਿ ਉਸ ਦੀ ਸਾਰੀ ਕ੍ਰਿਆ ਵਿਚ ਸਾਦਗੀ ਹੁੰਦੀ ਹੈ।

ਵਿਵੇਕਾ ਸਿੰਘ—ਬਸ ! ਇਹ ਸਾਦਗੀ ਹੀ ਸਤੋ ਗੁਣੀ

Sri Satguru Jagjit Singh Ji eLibrary NamdhariElibrary@gmail.com

ਕਰਮ ਦਾ ਪ੍ਰਤੱਖਸ਼ ਸਬੂਤ ਹੈ ਕਿਉਂਕਿ ਗਿਆਨ ਵਾਨ ਪ੍ਰਿਵਿਰਤੀ ਦੇ ਭੇਦ ਤੋਂ ਜਾਣੂ ਹੋਕੇ ਵਿਸ਼ਿਆਂ ਵਲ ਨਹੀਂ ਦੌੜਦਾ ਅਤੇ ਗੁਰੂ ਜੀ ਦੇ ਉਪਦੇਸ਼ ਅਨੁਸਾਰ **"ਘਰਿ ਰਹੁ ਰੇ ਮਨ ਮੁਗਧ ਇਆਨੇ ॥"** ਤਾੜਨਾ ਕਰਕੇ ਉਸਦੀ ਚੰਚਲਤਾ ਦੂਰ ਕਰ ਦੇਂਦਾ ਹੈ ਅਤੇ ਇਹੋ ਉਸ ਦਾ ਤੱਤਵੇਤਾ ਹੋਣ ਦੀ ਨਿਸ਼ਾਨੀ ਹੈ।

ਤਰਕਾ ਨੰਦ-ਮਨ ਨੂੰ ਕਰਮਾਂ ਤੋਂ ਰੋਕਣ ਦੀ ਗਿਆਨ-ਵਾਨ ਨੂੰ ਕੀ ਲੋੜ ਹੈ? ਵਿਦਾਂਤ ਵਿਚ ਤਾਂ ਮਨ ਨੂੰ ਆਤਮਾ ਤੋਂ ਵਖਰਾ ਸਮਝਣਾ ਹੀ ਗਿਆਨ ਹੈ, ਮਨ ਜੋ ਚਾਹੇ ਕਰੇ।

ਵਿਵੇਕਾ ਸਿੰਘ—ਜੇਕਰ ਮਨ ਚੰਚਲ ਰਹਿੰਦਿਆਂ ਹੀ ਕੋਈ ਗਿਆਨਵਾਨ ਹੋ ਸਕੇ ਤਾਂ ਵਿਸ਼ੇ ਲਪਟ ਸੰਸਾਰੀਆਂ ਅਤੇ ਗਿਆਨੀਆਂ ਵਿਚ ਫਰਕ ਕੀ ਹੋਇਆ? ਕਿਉਂਕਿ ਮਹਾਂ ਵਿਕਾਰੀ ਪੁਰਸ਼ ਭੀ ਇਹ ਗੱਲ ਕਹਿ ਸਕਦਾ ਹੈ ਕਿ ਵਿਸ਼ੇ ਭੋਗ ਮਨ ਦਾ ਧਰਮ ਹੈ, ਮੈਂ ਨਿਰਲੇਪ ਹਾਂ।

ਤਰਕਾ ਨੰਦ—ਫਿਰ ਗੁਰੂ ਜੀ ਨੇ ਇਹ ਕਿਉਂ ਫੁਰ-ਮਾਇਆ ਹੈ ਕਿ—**'ਕਰਮ ਕਰਤ ਹੋਵੈ ਨਿਹਕਰਮ ॥'**

ਵਿਵੇਕਾ ਸਿੰਘ—ਇਸ ਦਾ ਇਹ ਭਾਵ ਹੈ ਕਿ ਆਮ ਸੰਸਾਰੀਆਂ ਨੂੰ ਬ੍ਰਹਮ ਗਿਆਨ ਦੀ ਉਤਮਤਾ ਦਰਸਾਕੇ ਮਨ ਪਰ ਕਾਬੂ ਪਾਉਣ ਦੇ ਯਤਨਾਂ ਵਿਚ ਪ੍ਰਵਿਰਤ ਕਰੇ ਅਤੇ ਇਸ ਦੇ ਇਵਜ਼ ਵਿੱਚ ਉਨ੍ਹਾਂ ਤੋਂ ਆਦਰ ਸਤਿਕਾਰ ਕੁਝ ਨ ਚਾਹੇ, ਪ੍ਰੰਤੂ ਪਰਉਪਕਾਰ ਰੂਪੀ ਸਤੋ ਗੁਣੀ ਕਰਮਾਂ ਵਿੱਚ ਪ੍ਰਵਿ-ਰਤ ਰਹੇ।

Sri Satguru Jagjit Singh Ji eLibrary NamdhariElibrary@gmail.com

ਤਤਕਾ ਨੰਦ—ਆਪ ਨੇ ਤਾਂ ਗਿਆਨਵਾਨ ਨੂੰ ਬੰਧਨਾਂ ਤੋਂ ਨਿਵਿਰਤ ਕਰਨ ਦੀ ਥਾਂ ਉਪਦੇਸ਼ ਕਰਨਾ ਤੇ ਪਰਉਪਕਾਰ ਆਦਿ ਕਈ ਪੁਆੜੇ ਉਸ ਦੇ ਗਲ ਪਾ ਦਿਤੇ, ਇਹ ਚੰਗੀ ਗਿਆਨ ਪ੍ਰਾਪਤੀ ਹੈ !

ਵਿਵੇਕਾ ਸਿੰਘ—ਤਦ ਤੁਹਾਡੇ ਸਿਧਾਂਤ ਅਨੁਸਾਰ ਨੰਗ ਧੜੰਗ ਯਾ ਘੋਨ ਮੋਨ ਬਣ, ਮਨ ਆਈਆਂ ਕਰਨ ਵਾਲੇ ਸਤਬ ਭੱੜੀ ਜੰਗਲੀਆਂ ਤੋਂ ਭੀ ਅਗੇ ਲੰਘੇ ਹੋਏ ਯਾ ਮੂੰਨ ਵੱਟਾ ਹੋ,ਪਹਾੜ ਦੀ ਕਿਸੇ ਗੁਫਾ ਵਿਚ ਪਏ ਰਹਿਣ ਵਾਲੇ ਦਾ ਨਾਮ ਹੀ ਗਿਆਨ ਵਾਨ ਹੈ ?

ਤਤਕਾ ਨੰਦ—ਨਹੀਂ ! ਮੇਰਾ ਭਾਵ ਇਹ ਹੈ ਕਿ ਤੁਸੀਂ ਕਿਸੇ ਮਹਾਂ ਪੁਰਸ਼ ਦੇ ਸਿਧਾਂਤ ਦੁਆਰਾ ਪਰਉਪਕਾਰ ਯਾ ਸਤੋ ਗੁਣੀ ਕਰਮਾਂ ਦਾ ਬ੍ਰਹਮ ਗਿਆਨੀ ਲਈ ਜ਼ਰੂਰੀ ਹੋਣਾ ਸਿਧ ਕਰੋ।

ਵਿਵੇਕਾ ਸਿੰਘ—ਬਹੁਤ ਅੱਛਾ ! ਸੁਣੋ ਬ੍ਰਹਮ ਗਿਆਨੀਆਂ ਦੇ ਉਸਤਾਦ ਸ੍ਰੀ ਗੁਰੂ ਅਰਜਨ ਸਾਹਿਬ ਫਰਮਾਉਂਦੇ ਹਨ "**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**" ਅਤੇ ਜੇਕਰ ਆਪ ਪੁਰਾਤਨ ਵੇਦਾਂਤੀਆਂ ਦਾ ਸਿਧਾਂਤ ਸੁਣਨਾ ਚਾਹੁੰਦੇ ਹੋ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਰਚੀ ਗੀਤਾ ਦਾ ਗਹੁ ਨਾਲ ਪਾਠ ਕਰੋ,ਜਿਸ ਵਿਚ ਆਪ ਨੇ ਅਰਜਨ ਦੇ ਪ੍ਰਸ਼ਨਾਂ ਦਾ ਉਤ੍ਰ ਦਿੰਦਿਆਂ ਹੋਇਆਂ ਬ੍ਰਹਮ ਗਿਆਨੀ ਲਈ ਸਾਂਤਕੀ ਕਰਮਾਂ ਦੀ ਸੁਭਾਵਕ ਲੋੜ ਦੱਸੀ ਹੈ।

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ–ਸੁਭਾਵਕ ਲੋੜ ਤੋਂ ਤੁਹਾਡਾ ਕੀ ਭਾਵ ਹੈ ?

ਵਿਵੇਕਾ ਸਿੰਘ–ਜਿਸ ਤਰ੍ਹਾਂ ਜਲ ਦਾ ਸੁਭਾਵਕ ਧਰਮ ਸੀਤਲਤਾ ਹੈ, ਅਗਨੀ ਦਾ ਸੁਭਾਵਕ ਧਰਮ ਦਾਹ ਕਰਨਾ ਹੈ, ਉਸੇ ਤਰ੍ਹਾਂ ਗਿਆਨੀ ਦਾ ਸੁਭਾਵਕ ਧਰਮ ਪਰਉਪਕਾਰ ਅਤੇ ਰਸਾਂ ਕਸਾਂ ਦਾ ਤਿਆਗ ਕਰਨਾ ਹੈ ।

ਤਰਕਾ ਨੰਦ–(ਹੱਸਕੇ) ਜੇਕਰ ਇਹੋ ਸਿਧਾਂਤ ਠੀਕ ਹੈ ਤਦ ਆਪ ਪ੍ਰਾਣੀ ਮਾਤ੍ਰ ਨੂੰ ਆਤਮ ਗਿਆਨ ਦਾ ਉਪਦੇਸ਼ ਬੇਸ਼ਕ ਕਰੋ, ਪਰ ਇਹ ਕਛਿਹਰੇ ਦਾ ਬੰਧਨ ਕੇਹੜਾ ਪਰਉਪਕਾਰ ਹੈ ?

ਵਿਵੇਕਾ ਸਿੰਘ–ਸੰਤ ਜੀ ! ਆਤਮ ਗਿਆਨ ਦਾ ਉਪਦੇਸ਼ ਕਰਨ ਤੋਂ ਪਹਿਲਾਂ ਸੰਸਾਰੀਆਂ ਦਾ ਆਪੋ ਵਿਚਲਾ ਵਿਰੋਧ ਦੂਰ ਕਰਨਾਂ ਜ਼ਰੂਰੀ ਹੈ ਕਿਉਂਕਿ ਜਿਥੇ ਮਿਲਾਪ ਹੈ ਉਥੇ ਹੀ ਆਤਮਾ ਪ੍ਰਮਾਤਮਾ ਸਬੰਧੀ ਵਿਚਾਰ ਕਰਨ ਦਾ ਸਮਾਂ ਮਿਲਦਾ ਹੈ, ਜਿਥੇ ਦਿਨ ਰਾਤ ਕਲੇਸ਼ ਹੀ ਰਹਿੰਦਾ ਹੋਵੇ ਉਥੇ ਨਗਾਰਿਆਂ ਦੀ ਗਰਜ ਵਿਚ ਤੂਤੀ ਦੀ ਆਵਾਜ਼ ਵਤ ਬ੍ਰਹਮ ਗਿਆਨ ਦਾ ਉਪਦੇਸ਼ ਸੁਣ ਹੀ ਕੌਣ ਸਕਦਾ ਹੈ ?

ਤਰਕਾ ਨੰਦ–ਸੰਸਾਰੀ ਜੀਵਾਂ ਵਿਚ ਪਰਸਪਰ ਵਿਰੋਧ ਦਾ ਕਾਰਨ ਅਗਿਆਨ ਯਾ ਅਨੇਕਾਂ ਪ੍ਰਕਾਰ ਦੇ ਮਤ ਮਤਾਤ੍ਰਾਂ ਹਨ । ਸਰੀਰ ਦੀ ਰਹਿਣੀ ਬਹਿਣੀ ਤਾਂ ਵਿਰੋਧ ਦਾ ਕਾਰਨ ਨਹੀਂ ।

ਵਿਵੇਕਾਸਿੰਘ–ਤਰਕਾ ਨੰਦ ਜੀ ! ਪ੍ਰਤੀਤ ਹੁੰਦਾ ਹੈ ਕਿ ਤੁਸਾਂ ਕਦ ਇਸ ਪਾਸੇ ਵਿਸ਼ੇਸ਼ ਧਿਆਨ ਨਹੀਂ ਦਿਤਾ । ਵੇਖੋ

Sri Satguru Jagjit Singh Ji eLibrary NamdhariElibrary@gmail.com

ਸਾਰੇ ਮਜ਼ਹਬ ਇਕ ਪ੍ਰਮਾਤਮਾਂ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਣ ਵਿਚ ਸਹਿਮਤ ਹਨ, ਇਸੇ ਤਰ੍ਹਾਂ ਹਰ ਇਕ ਮਤ ਸਚ ਬੋਲਣ, ਦੀਨ ਦੁਖੀ ਦੀ ਸਹਾਇਤਾ ਕਰਨ ਤੇ ਪ੍ਰਮਾਤਮਾ ਦਾ ਭਜਨ ਕਰਨ ਦਾ ਉਪਦੇਸ਼ ਕਰਦਾ ਹੈ ਅਤੇ ਹਰ ਇਕ ਮਤ ਦੇ ਧਰਮ ਪੁਸਤਕ ਨਿੰਦਾ, ਚੁਗਲੀ, ਬਖੀਲੀ, ਤੱਦੀ, ਜ਼ੁਲਮ ਆਦਿ ਔਗਣਾਂ ਦੀ ਨਿੰਦਾ ਕਰਦੇ ਹਨ ਅਤੇ ਇਸਤਰ੍ਹਾਂ ਪ੍ਰਮਾਰਥਕ ਵਿਸ਼ੇ ਵਿਚ ਸਾਰਿਆਂ ਦੇ ਖਿਆਲ ਲਗ ਭਗ ਆਪੋ ਵਿਚ ਮਿਲਦੇ ਹਨ। **"ਪਰ! ਫਿਰ ਭੀ ਇਨ ਸਭਨ ਮੇਂ ਜੰਗ ਰਹੇ ਦਿਨ ਰਾਤ। ਸੋਚੋ ਤਰਕਾ ਨੰਦ ਜੀ ਇਹ ਕਿਆ ਅਚਰਜ ਬਾਤ॥"** ਪਰ ਫਿਰ ਭੀ ਸਾਰੇ ਮਜ਼ਹਬਾਂ ਦੀ ਆਪੋ ਵਿਚ ਦਿਨ ਰਾਤ ਡਾਂਗ ਖੜਕਦੀ ਰਹਿੰਦੀ ਹੈ, ਇਸ ਨਿਤ ਦੇ ਕਲੇਸ਼ ਦਾ ਖਾਸ ਕਾਰਨ ਇਹ ਹੈ, ਕਿ ਸਾਰੇ ਮਤਾਂ ਦੇ ਪਰਮਾਰਥ ਸੰਬੰਧੀ ਇਕ ਸਿਧਾਂਤ ਹੁੰਦਿਆਂ ਹੋਇਆਂ ਭੀ,ਉਨ੍ਹਾਂ ਦੀਆਂ ਸਰੀਰਕ ਬਨਾਵਟੀ ਸ਼ਕਲਾਂ ਆਪਸ ਵਿਚ ਦੀ ਨਫਰਤ ਦਾ ਕਾਰਨ ਹਨ, ਜਿਸ ਤਰ੍ਹਾਂ ਪਰਮਾਤਮਾ ਸਬੰਧੀ ਸਾਰਿਆਂ ਦੇ ਵਿਚਾਰ ਇਕ ਹਨ, ਜੇਕਰ ਉਸੇ ਤਰਾਂ ਰਹਿਤ ਬਹਿਤ ਭੀ ਇਕੋ ਹੋ ਜਾਵੇ ਤਾਂ ਮਨੁਖ ਸ੍ਰੇਣੀ ਵਿਚ ਪ੍ਰਸਪਰ ਭੇਦ ਹੀ ਕਿਸ ਗੱਲ ਦਾ ਹੈ ? ਪਰ ਮਨਮਤ ਭਰੇ ਅਸੂਲਾਂ ਨੇ ਆਪੋ ਆਪਣੇ ਮਨ ਮੰਨੇ ਵਖਰੇ ਚਿੰਨ੍ਹ ਬਣਾਕੇ, ਇਕ ਪਿਤਾ ਦੇ ਪੁਤਰਾਂ ਨੂੰ ਆਪੋ ਵਿਚ ਨਿਖੇੜ ਛਡਿਆ ਹੈ, ਜਿਹਾ ਕੁ ਸ਼ਰਈ ਮੁਛਾਂ, ਢਿੱਲੀ ਤੰਬੀ, ਫੂੰਧੇ ਵਾਲੀ ਤੁਰਕੀ ਟੋਪੀ ਵੇਖਦੇ ਸਾਰ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਮੁਸਲ-

Sri Satguru Jagjit Singh Ji eLibrary NamdhariElibrary@gmail.com

ਮਾਨ ਹੈ, ਅਤੇ ਧੋਤੀ ਟਿਕਾ ਜੰਞੂ ਦੇ ਧਾਰਨੀ ਨੂੰ ਸੁਤੇ ਸਿਧ ਹੀ ਤੰਬੀ ਟੋਪੀ ਵਾਲੇ ਤੋਂ ਨਫਰਤ ਹੋ ਜਾਂਦੀ ਹੈ। ਭਾਵੇਂ ਉਨ੍ਹਾਂ ਦੀ ਆਪਸ ਵਿਚ ਕੋਈ ਹੋਰ ਰੰਜਸ਼ ਨਾ ਹੀ ਹੋਵੇ, ਪਰ ਉਨ੍ਹਾਂ ਦੀ ਵਖੋ ਵਖਰੀ ਸ਼ਕਲ ਹੀ ਇਕ ਦੂਜੇ ਨੂੰ ਗਹਿਰੀ ਅੱਖੀ ਵੇਖਣ ਲਈ ਕਾਫੀ ਹੈ।

ਤਰਕਾ ਨੰਦ—ਸਿੰਘ ਜੀ! ਇਹ ਤਾਂ ਆਪ ਦੀ ਮਨੋਂ ਕਲਪਨਾ ਹੈ, ਵਾਸ੍ਤਵ ਵਿਚ ਇਹ ਗੱਲ ਨਹੀਂ ਹੈ।

ਵਿਵੇਕਾ ਸਿੰਘ—ਇਹ ਮੇਰੇ ਹੀ ਵਿਚਾਰ ਨਹੀਂ ਹਨ, ਸਗੋਂ ਭਗਤੀ ਯੋਗ ਮਾਰਗ ਦੇ ਗਿਆਤਾ ਤੁਲਸੀ ਰਮਾਇਣ ਦੇ ਕਰਤਾ ਸੰਤ ਤੁਲਸੀ ਦਾਸ ਜੀ ਫ਼ਰਮਾਉਂਦੇ ਹਨ:—

**ਆਸਾ ਇਸ਼ਟ ਉਪਾਸ਼ਨ ਖਾਨ ਪਾਨ ਪਹਿਰਾਨ।**
**ਖਟ ਲੱਛਨ ਜਾਂਕੇ ਮਿਲੈ ਪੂਰਨ ਮਿਲਿਓ ਜਾਨ॥**

ਅਰਥਾਤ ਮਨੋਰਥ, ਇਸ਼ਟ ਅਤੇ ਉਪਾਸ਼ਨਾਂ ਦੇ ਤਰੀਕੇ ਇਕ ਹੋਣ ਦੇ ਨਾਲ ਹੀ ਆਤਮ ਵਿਚਾਰ ਦੇ ਚਾਹਵਾਨਾਂ ਦਾ ਖਾਣ ਪੀਣ ਪਹਿਰਣ ਦੀ ਮਰਯਾਦਾ ਭੀ ਇਕ ਹੋਣੀ ਚਾਹੀਦੀ ਹੈ। "**ਪੂਰਨ ਮਿਲਿਓ ਜਾਨ**" ਪੂਰਨਮਿਲਾਪ ਦੀ ਯੁਕਤੀ ਦਸਦੇ ਹੋਏ ਬੜੇ ਜ਼ੋਰ ਨਾਲ ਇਹ ਸਿਧ ਕਰਦੇ ਹਨ ਕਿ ਜਿਥੇ ਇਹ ਛੇ ਲਛਨ ਨ ਹੋਣ ਓਥੇ ਮਨੁੱਖਾਂ ਵਿਚ ਏਕਤਾ ਮੈਤਰੀ ਹੋ ਹੀ ਨਹੀਂ ਸਕਦੀ।

ਤਰਕਾ ਨੰਦ—ਪਰ ਤੁਲਸੀ ਦਾਸ ਜੀ ਦੇ ਇਸ ਕਥਨ ਤੋਂ ਇਹੋ ਸਿਧ ਹੁੰਦਾ ਹੈ ਕਿ ਬ੍ਰਹਮ ਗਿਆਨ ਦੇ ਜਗਿਆਸੂਆਂ ਲਈ ਤਾਂ ਖਾਣ ਪੀਣ ਪਹਿਨਣ ਦੀ ਮਰਯਾਦਾ ਇਕ ਹੋਣੀ

Sri Satguru Jagjit Singh Ji eLibrary NamdhariElibrary@gmail.com

ਚਾਹੀਦੀ ਹੈ,ਗਿਆਨਵਾਨਾਂ ਲਈ ਇਸ ਦੀ ਕੋਈ ਲੋੜ ਨਹੀਂ।

ਵਿਵੇਕਾ ਸਿੰਘ—ਗੁਰੂ ਦਾ ਸ਼ੁਕਰ ਹੈ ਕਿ ਆਪ ਸਾਧਾਰਣ ਜਗਿਆਸੂਆਂ ਲਈ ਰਹਿਤ ਬਹਿਤ ਦਾ ਇਕ ਹੋਣਾ ਮੰਨਦੇ ਹੋ।

ਤਰਕਾ ਨੰਦ—ਇਹ ਤਾਂ ਹੈ ਹੀ ਮੰਨਣ ਯੋਗ।

ਵਿਵੇਕਾ ਸਿੰਘ—ਇਸੇ ਤਰ੍ਹਾਂ ਆਪਨੂੰ ਇਹ ਭੀ ਮੰਨਣਾ ਪਏਗਾ ਕਿ ਪੂਰਨ ਗਿਆਨਵਾਨ ਨੂੰ ਭੀ ਇਸ ਨਿਯਮ ਦਾ ਪਾਲਣ ਓਸ ਤਰ੍ਹਾਂ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਇਕ ਸਾਧਾਰਨ ਜਗਿਆਸੂ ਨੂੰ ਇਸ ਦੀ ਲੋੜ ਹੈ।

ਤਰਕਾ ਨੰਦ—ਓਹ ਕਿਉਂ ?

ਵਿਵੇਕਾ ਸਿੰਘ—ਸਾਧਾਰਨ ਜਗਿਆਸੂਆਂ ਦੇ ਦਿਲ ਵਿਚ ਰੁਚੀ ਪੈਦਾ ਕਰਨ ਵਾਸਤੇ।

ਤਰਕਾ ਨੰਦ—ਗਿਆਨਵਾਨ ਨੂੰ ਇਸ ਪੁਆੜੇ ਵਿਚ ਪੈਣ ਦੀ ਕੀ ਲੋੜ ਹੈ, ਕੀ ਕਦੀ ਕਿਸੇ ਗਿਆਨਵਾਨ ਨੇ ਅਜਿਹਾ ਕੀਤਾ ਹੈ ?

ਵਿਵੇਕਾ ਸਿੰਘ—ਜੀ ਹਾਂ ! ਜਿਸ ਨੂੰ ਲਗ ਭਗ ਸਾਰੇ ਹਿੰਦੂ ਸੋਲਾਂ ਕਲਾਂ ਸੰਪੂਰਨ ਅਵਤਾਰ ਅਤੇ ਤਿਰਲੋਕੀ ਦਾ ਕਰਤਾ ਮੰਨਦੇ ਹਨ। ਮੈਂ ਆਪਨੂੰ ਉਨ੍ਹਾਂ ਦੇ ਹੀ ਅਰਜਨ ਪ੍ਰਤੀ ਕੀਤੇ ਹੋਏ ਉਪਦੇਸ਼ ਦਰਸਾਉਂਦਾ ਹਾਂ, ਜੋ ਆਪ ਦੇ ਪ੍ਰਸ਼ਨ ਦਾ ਉੱਤਰ ਹੈ:—

ਕਰਮਣੈ ਕਹਿ ਸਿੱਧ ਅਸਿਥਾਤਾ ਜਨਕਾਦਯਾਃ।
ਲੋਕ ਸੰਗਰੈਹ ਮੇਵਾਪਿਸੰਮੱਸਿਜਨਕਤੁਰਰਹਮਸਿ॥
ਅਰਥਾਤ:— (ਗੀਤਾ ਅ: ੩, ਸ਼: ੨੦)

Sri Satguru Jagjit Singh Ji eLibrary NamdhariElibrary@gmail.com

ਹੇ ਅਰਜਨ ! ਤੈਨੂੰ ਸ਼ੁਭ ਕਰਮਾਂ ਵਿਚ ਹੀ ਪ੍ਵਿਰਤ ਹੋਣਾ ਚਾਹੀਦਾ ਹੈ ਕਿਉਂਕਿ ਸੰਸਾਰ ਦੀ ਮਰਯਾਦਾ ਨੂੰ ਠੀਕ ਰਖਣ ਲਈ, ਜਨਕ ਆਦਿ ਮਹਾਂ ਗਿਆਨੀਆਂ ਨੇ ਭੀ ਸ਼ੁਭ ਕਰਮਾਂ ਦਾ ਤਿਆਗ ਨਹੀਂ ਕੀਤਾ।

ਕਿਉਂਕਿ

ਯਦਦਾ ਚਰਿਤ ਸ੍ਰੇਸ਼ਟਸ ਤੱਤਦੇਵੇਤਰੋ ਜਨਾ।
ਸ ਯਤ ਪ੍ਰਮਾਣਾਂਕੁਰੁਤੇ ਲੋਕਿ ਸਤਦਨੁ ਵਰਤਤੇ ॥
ਗੀਤਾ ਅ: ੩, ਸ: ੨੧

ਕਿਉਂਕਿ ਹੇ ਮਹਾਂ ਬਾਹੂ ! ਉਤਮ ਪੁਰਸ਼ ਸੰਸਾਰ ਵਿਚ ਜਿਸ ਤਰ੍ਹਾਂ ਦੇ ਵਰਤਣ ਵਿਵਹਾਰ ਕਰਦੇ ਹਨ, ਜਗਿਆਸੂ ਭੀ ਉਸੇ ਮਰਯਾਦਾ ਨੂੰ ਉਤਮ ਸਮਝਕੇ ਉਸ ਪਰ ਚਲਣ ਦਾ ਯਤਨ ਕਰਦੇ ਹਨ ।

ਦੇਖੋ:-

ਨ ਮੇ ਪਾਰਥਸਤਿ ਕਰਤਵਿਯੰ ਤ੍ਰਿੰਸ਼ੂ ਲੋਕੇਸ਼ੁ ਕਿੰਚਨ।
ਨਾਨਵਾ ਪਤਮ ਵਾਪਤੱਵਿਯੰ ਵਰਤਏਵ ਚ ਕਰਮਣਿ ॥
ਗੀ: ਅ: ੩, ਸ਼ ੨੨

ਹੇ ਪਾਂਡਵ ਪੁਤ੍ਰ ਵੇਖ ! ਮੈਨੂੰ ਕੁਝ ਭੀ ਕਰਨ ਦੀ ਲੋੜ ਨਹੀਂ ਕਿਉਂਕਿ ਤ੍ਰਿਲੋਕੀ ਵਿਚ ਕੋਈ ਅਜਿਹਾ ਪਦਾਰਥ ਨਹੀਂ ਜੋ ਮੈਨੂੰ ਨਾ ਮਿਲ ਸਕੇ,ਪ੍ਰੰਤੂ ਕੇਵਲ ਸੰਸਾਰ ਦੇ ਲੋਕਾਂ ਨੂੰ ਰਸਤੇ ਪਾਉਣ ਲਈ ਮੈਂ ਸ਼ੁਭ ਕਰਮਾਂ ਦੀ ਮਰਯਾਦਾ ਨੂੰ ਪੂਰੀ ਕਰ ਰਿਹਾ ਹਾਂ ਇਹ ਗੱਲ ਤੈਥੋਂ ਲੁਕੀ ਹੋਈ ਨਹੀਂ ।

Sri Satguru Jagjit Singh Ji eLibrary NamdhariElibrary@gmail.com

ਕਿਉਂਕਿ

ਯਦੀ ਹਯਹੰਨਵਰਤਿਯੰ ਜਾਤੁ ਕਰਮੱਣਿ ਤਿਨਿਦ੍ਰੱਤਾ: ।
ਮਮ ਵੱਤ੍ਰ ਮਾਨੁਵਰਤੰਤੇ ਮਨੁੱਸ਼ਿਯਾ ਪਾਰਥ ਸਰਵਸ਼ਾ: ।
(ਗੀਤਾ ਸ਼ ੨੩)

ਕਿਉਂਕਿ ਹੇ ਪਾਰਥ! ਜੇਕਰ ਮੈਂ ਹੀ ਸ਼ੁਭ ਕਰਮਾਂ ਦਾ ਤਿਆਗ ਕਰ ਦੇਵਾਂ ਤਦ ਮੈਨੂੰ ਦੇਖਕੇ ਸੰਸਾਰੀ ਲੋਕ ਭੀ ਸ਼ੁਭ ਕਰਮਾਂ ਦਾ ਤਿਆਗ ਕਰ ਦੇਣਗੇ।

ਉਤਸੀਦੇ ਯੁਰਮੇਲੋਕਾ ਨ ਕੁਰਯਾਂ ਕਰਮਚੇਦਹਮ ।
ਸ਼ੰਕੁਰੱਸਿਯ ਚ ਕਰਤਾਸਿਯਾਮੁ ਪਹਨਯਮਿਮਾ ਪ੍ਰਜਾ: ।
(ਗੀਤਾ ਸ਼ਃ ੨੪)

ਅਤੇ ਇਸ ਤਰ੍ਹਾਂ ਮੇਰੀ ਦੇਖਾ ਦੇਖੀ ਸ਼ੁਭ ਕਰਮ ਤਿਆਗਣ ਨਾਲ ਲੋਕੀ ਧਰਮ ਤੋਂ ਗਿਰਕੇ ਨਸ਼ਟ ਹੋ ਜਾਣਗੇ ਅਤੇ ਉਨ੍ਹਾਂ ਦੇ ਪਤਿਤ ਹੋਕੇ ਨਸ਼ਟ ਹੋਣ ਦਾ ਕਾਰਣ ਮੈਨੂੰ ਹੀ ਬਣਨਾ ਪਵੇਗਾ, ਕਿਉਂਕਿ ਮੈਨੂੰ ਸ਼ੁਭ ਕਰਮ ਨਾਂ ਕਰਦਾ ਵੇਖਕੇ ਹੀ ਓਹ ਪਾਪਾਂ ਵਿੱਚ ਪ੍ਰਵਿਰਤ ਹੋਣਗੇ।

ਇਸ ਵਾਸਤੇ

ਸਕਤਾ: ਕਰਮਣ ਵਿੱਦਵਾਂਸੋ ਯਥਾ ਕਰਵੰਤਿ ਭਾਰਤ: । ਕਰਜਾਦਿ ਵਿੱਦਵਾਂ ਸਤਅ ਸਕਤ ਸੂਚਕੀਰਸੂਰ ਲੋਕ ਸੰਗ੍ਰਹਮ। (ਗੀਤਾ: ਸ: ੨੫)

ਇਸ ਲਈ ਜਿਸ ਤਰ੍ਹਾਂ ਜਗਿਆਸੂਆਂ ਲਈ ਗਿਆਨ ਪ੍ਰਾਪਤੀ ਹਿਤ ਸ਼ੁਭ ਕਰਮਾਂ ਦੀ ਮ੍ਰਯਾਦਾ ਨੂੰ ਪਾਲਣ ਕਰਨਾ ਜ਼ਰੂਰੀ ਹੈ, ਉਸੇ ਤਰ੍ਹਾਂ ਗਿਆਨਵਾਨ ਨੂੰ ਭੀ ਸੰਸਾਰ ਦੀ

Sri Satguru Jagjit Singh Ji eLibrary NamdhariElibrary@gmail.com

ਮਰਯਾਦਾ ਕਾਇਮ ਰਖਣ ਲਈ ਸ਼ੁਭ ਕਰਮਾਂ ਦਾ ਪਾਲਣ ਕਰਨ ਪਰਮ ਜ਼ਰੂਰੀ ਹੈ।

ਦੋਹਰਾ—ਇਹ ਸੁਣ ਨਿਰ ਉੱਤਰ ਭਏ ਧੌਨ ਮੋਨ ਮਹਾਰਾਜ।
ਚਰਚਾ ਦਾ ਰੁਖ ਬਦਲਕੇ ਕੀਨੋ ਹੋਰ ਇਤਰਾਜ।

ਤਰਕਾ ਨੰਦ—ਸਿੰਘ ਜੀ! ਆਪ ਧੰਨ ਹੋ, ਜਿਨ੍ਹਾਂ ਨੇ ਗ੍ਰਿਹਸਤ ਆਸ਼੍ਰਮ ਵਿੱਚ ਰਹਿੰਦਿਆਂ ਹੋਇਆਂ ਵਿਦਿਆ ਅਭਿਆਸ ਕਰਕੇ ਧਰਮ ਦੇ ਗੂੜ੍ਹ ਤੱਤ ਨੂੰ ਸਮਝਿਆ ਹੈ।

ਵਿਵੇਕਾ ਸਿੰਘ—ਸੰਤ ਜੀ! ਇਹ ਸਭ ਨਿਰੰਕਾਰੀ ਜੋਤ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾ ਹੈ, ਨਹੀਂ ਤਾਂ 'ਮੋ ਸੇ ਗਰੀਬ ਕਰੋਰ ਪਰੇ।'

ਤਰਕਾ ਨੰਦ—ਭਾਵੇਂ ਆਪ ਨੇ ਗਿਆਨਵਾਨ ਲਈ ਸ਼ੁਭ ਕਰਮ ਰੂਪੀ ਧਾਰਮਕ ਨਿਯਮਾਂ ਦੀ ਪਾਲਨਾਂ ਕਰਨੀ ਸਿੱਧ ਕਰ ਦਿਤੀ ਹੈ, ਪਰ ਅਜੇ ਭੀ ਮੈਂ ਇਕ ਦੋ ਗੱਲਾਂ ਕਛਹਿਰੇ ਦੀ ਬਾਬਤ ਪੁਛਣੀਆਂ ਹਨ, ਕੀ ਆਪ ਆਗਿਆ ਦਿਓਗੇ?

ਵਿਵੇਕਾ ਸਿੰਘ—ਜ਼ਰੂਰ! ਸਗੋਂ ਆਪ ਚੰਗੀ ਤਰ੍ਹਾਂ ਖੁਲ੍ਹਕੇ ਆਪਣੇ ਸ਼ੰਕੇ ਪਰਗਟ ਕਰੋ ਅਤੇ ਗੁਰੂ ਘਰ ਦੀ ਪਵਿੱਤਰ ਸ਼ਕਤੀ ਦੇਖੋ।

ਤਰਕਾ ਨੰਦ—ਬਹੁਤ ਖੂਬ! ਭਲਾ ਇਹ ਤਾਂ ਮੰਨਿਆ ਕਿ ਗੁਰੂ ਸਾਹਿਬ ਜੀ ਨੇ ਮਨੁਖ ਸ਼੍ਰੇਣੀ ਦਾ ਮਤ ਭੇਦ ਦੂਰ ਕਰਨ ਲਈ ਕੇਵਲ ਇਕ ਈਸ਼ਵਰ ਦੀ ਉਪਾਸ਼ਨਾ, ਖਿਮਾਂ, ਨਿੰਮ੍ਰਤਾ ਆਦਿ ਉਤਮ ਗੁਣਾਂ ਦਾ ਪਰਚਾਰ ਕਰਕੇ ਇਸ ਸਿਧਾਂਤ ਨੂੰ ਮੰਨਣ ਵਾਲੇ ਗੁਰਮੁਖਾਂ ਦੀ ਰਹਿਤ ਮਰਯਾਦਾ ਵੀ ਇਕ ਹੀ

Sri Satguru Jagjit Singh Ji eLibrary NamdhariElibrary@gmail.com

ਨੀਯਤ ਕਰ ਦਿਤੀ, ਪਰੰਤੂ ਧੋਤੀ, ਕਪੀਨ, ਜਾਂਘੀਏ ਸਲਵਾਰਾਂ ਆਦਿਕਾਂ ਨੂੰ ਛਡਕੇ ਕੇਵਲ ਕਛਹਿਰਾ ਪਹਿਰਨ ਦੀ ਆਗਿਆ ਕਿਉਂ ਦਿਤੀ ਹੈ ? ਕੀ ਹੋਰ ਕਪੜੇ ਪਹਿਰਨ ਯੋਗ ਨਹੀਂ ਸਨ ?

ਵਿਵੇਕਾ ਸਿੰਘ—ਮੰਤ ਜੀ ! ਇਸ ਦਾ ਕਾਰਨ ਇਹ ਹੈ ਕਿ ਇਕ ਤਾਂ ਸਲਵਾਰ, ਕੁਪੀਨ, ਧੋਤੀ ਆਦਿ ਨੂੰ ਕਿਸੇ ਮਹਾਂ ਪੁਰਸ਼ ਨੇ ਨਹੀਂ ਪਹਿਨਿਆ, ਇਹ ਲੋਕਾਂ ਦੇ ਮਨੋ ਕਲਪਤ ਬਸਤਰ ਹਨ ਅਤੇ ਇਨ੍ਹਾਂ ਨਾਲ ਪੂਰਾ ਪੂਰਾ ਪੜਦਾ ਭੀ ਨਹੀਂ ਹੁੰਦਾ, ਇਹ ਧੋਤੀ, ਸਲਵਾਰ ਆਦਿਕ ਜੰਗੀ ਪੁਰਸ਼ਾਂ ਦੇ ਪਹਿਰਨ ਦੇ ਲਾਇਕ ਨਹੀਂ ਹਨ। ਤੀਸਰੇ ਸਤਿਜੁਗ ਤੋਂ ਲੈਕੇ ਮਹਾਂ ਭਾਰਤ ਦੇ ਯੁਧ ਸਮੇਂ ਤਕ ਸੂਰਬੀਰ ਲੋਕ ਕਛਹਿਰਾ ਹੀ ਪਹਿਨਦੇ ਰਹੇ ਹਨ। ਉਸ ਮਹਾਂ ਯੁਧ ਵਿਚ ਮਹਾਂ ਯੋਧਿਆਂ ਦੇ ਨਸ਼ਟ ਹੋ ਜਾਣ ਕਰਕੇ, ਪਿਛੇ ਬਚੇ ਹੋਏ ਕਮਜ਼ੋਰ ਅਤੇ ਅਧਾਰਮਿਕ ਲੋਕਾਂ ਨੇ ਧੋਤੀ, ਕੁਪੀਨ ਆਦਿ ਵਿਲੜਪੁਣੇ ਦੀ ਨਿਸ਼ਾਨੀ ਵਾਲਾ ਪਹਿਰਾਵਾ ਸ਼ੁਰੂ ਕਰ ਦਿਤਾ। ਸੋ ਤ੍ਰਿਕਾਲ ਦਰਸ਼ੀ ਧਰਮ ਧੁਰੰਧਰ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ, ਭਾਰਤ ਵਰਸ਼ੀਆਂ ਨੂੰ ਸੂਰਬੀਰ ਧਰਮਾਤਮਾ ਬਨਾਉਣ ਵਾਲਾ ਪਵਿੱਤਰ ਅੰਮ੍ਰਤ ਬਖਸ਼ਣ ਦੇ ਨਾਲ ਹੀ ਬੀਰਤਾ ਸੂਚਕ ਤੇ ਸੂਰਬੀਰਾਂ ਦੇ ਪਹਿਨਣ ਯੋਗ ਕਛਹਿਰਾ ਪਹਿਨਣ ਦੀ ਭੀ ਪੱਕੀ ਤਾਕੀਦ ਕਰ ਦਿਤੀ ਕਿਉਂਕਿ ਕੁਪੀਨ, ਜਾਂਘੀਏ ਆਦਿ ਨੂੰ ਧੀ, ਭੈਣ ਦੀ ਸ਼ਰਮ ਵਾਲਾ ਗ੍ਰਿਹਸਥੀ ਪਹਿਰ ਹੀ ਨਹੀਂ ਸਕਦਾ। ਕਿਸੇ ਕਵੀ ਨੇ ਠੀਕ ਕਿਹਾ ਹੈ:—

Sri Satguru Jagjit Singh Ji eLibrary NamdhariElibrary@gmail.com

ਅਗੋਂ ਗੋਫੀਆ ਤੇ ਪਿਛੋਂ ਬਣੇ ਭੌਣੀ,
ਨਹੀਂ ਯਕੀਨ ਤੇ ਜ਼ਰਾ ਅਜ਼ਮਾ ਵੇਖੋ।

ਦੂਜਾ ਕਾਰਨ ਇਹ ਸੀ ਜੇਕਰ ਸਲਵਾਰ ਯਾਂ ਧੋਤੀ ਦੋਹਾਂ ਵਿਚੋਂ ਇਕ ਨੂੰ ਧਰਮ ਵਿਰੁਧ ਲੋਕ ਖ੍ਵਾਹਸ਼ ਨੂੰ ਦੇਖਕੇ ਆਗਿਆ ਦਿਤੀ ਭੀ ਜਾਂਦੀ ਤਦ ਇਕ ਫਰੀਕ ਹਮੇਸ਼ਾਂ ਲਈ ਗੁੱਸੇ ਹੀ ਰਹਿੰਦਾ, ਕਿਉਂਕਿ ਜੇਕਰ ਧੋਤੀ ਪਚਲਤ ਕੀਤੀ ਜਾਂਦੀ ਤਦ ਮੁਸਲਮਾਨ ਇਸ ਤੋਂ ਨਫਰਤ ਕਰਦੇ ਅਤੇ ਜੇਕਰ ਸਲਵਾਰ ਦੀ ਆਗਿਆ ਹੁੰਦੀ ਤਾਂ ਕਈ ਹਿੰਦੂ ਇਸ ਤੋਂ ਨਫ-ਰਤ ਕਰਦੇ, ਇਸ ਵਾਸਤੇ ਸਤਿਗੁਰੂ ਜੀ ਨੇ ਧਰਮ ਅਨੁਸਾਰ ਪਹਿਨਣ ਯੋਗ ਕਛਹਿਰੇ ਦੀ ਆਗਜਾ ਦਿਤੀ ਜੋ ਪਿਛਲੇ ਤਿੰਨਾਂ ਯੁਗਾਂ ਅਤੇ ਕਲਿਯੁਗ ਦੇ ਅੱਧ ਤਕ ਪ੍ਰਚਲਤ ਰਿਹਾ।

ਤਰਕਾ ਨੰਦ—ਇਸ ਗੱਲ ਦਾ ਕੀ ਸਬੂਤ ਹੈ ਕਿ ਪੁਰਾ-ਤਨ ਮਹਾਂ ਪੁਰਸ਼ ਕਛਹਿਰਾ ਪਹਿਰਦੇ ਰਹੇ ਹਨ ?

ਵਿਵੇਕਾ ਸਿੰਘ—ਬਹੁਤ ਸਬੂਤ ਹਨ, ਵੇਖੋ ! ਜਿਸ ਵੇਲੇ ਮਹਾਰਾਜ ਰਾਮ ਚੰਦਰ ਜੀ ਸੀਤਾ ਜੀ ਨੂੰ ਛੁਡਾਉਣ ਵਾਸਤੇ ਲੰਕਾ ਤੇ ਚੜ੍ਹਾਈ ਕਰਨ ਲਗੇ ਤਦ ਆਪਨੀ ਸੈਨਾ ਦੇ ਵਾਨਰ* ਕੁਲ ਦੇ ਯੋਧਿਆਂ ਨੂੰ ਜੋ ਕਛਹਿਰਾ ਨਹੀਂ ਸਨ ਪਹਿਨਦੇ ਸਭ ਤੋਂ ਪਹਿਲਾਂ ਕਛਹਿਰਾ ਪਹਿਨਾਯਾ ਅਤੇ ਹਮੇਸ਼ਾਂ ਵਾਸਤੇ ਏਸੇ ਤਰ੍ਹਾਂ ਰਖਣ ਦਾ ਹੁਕਮ ਦਿਤਾ, ਜਿਸ ਤੋਂ ਵਾਨਰ ਕੁਲ ਦੇ ਲੋਕ ਕਛਹਿਰੇ ਦੀ ਬਹੁਤ ਇਜ਼ਤ ਕਰਨ ਲੱਗ ਪਏ।

*ਮਦਰਾਸ ਪਰਾਂਤ ਦੇ ਛੱਤ੍ਰੀਆਂ ਦੇ ਇਕ ਗੋਤ੍ਰ ਦਾ ਨਾਮ ਹੈ।

Sri Satguru Jagjit Singh Ji eLibrary NamdhariElibrary@gmail.com

ਇਥੋਂ ਤਕ ਕਿ ਇਸੇ ਵਾਨਰ ਕੁਲ ਦੇ ਮਹਾਨ ਯੋਧੇ ਹਨੂਮਾਨ ਜੀ ਜਿਸ ਵੇਲੇ ਲਖਸ਼ਮਨ ਜੀ ਦੀ ਅਰੋਗਤਾ ਹਿਤ ਸੰਜੀਵਨੀ ਬੂਟੀ ਲੈਕੇ ਵਾਪਸ ਲੰਕਾ ਪੁਜੇ ਸਨ ਉਸ ਵੇਲੇ ਰਾਮ ਜੀ ਸ਼ਨਾਨ ਕਰ ਰਹੇ ਸਨ। ਆਪ ਨੇ ਹਨੂਮਾਨ ਦੀ ਇਸ ਬਹਾ-ਦਰੀ ਤੋਂ ਪ੍ਰਸਨ ਹੋਕੇ,ਉਸ ਨੂੰ ਵਰ ਮੰਗਣ ਲਈ ਕਿਹਾ, ਪ੍ਰੰਤੂ ਸ਼ਾਂਤ ਸਰੂਪ ਹਨੂਮਾਨ ਨੇ ਕੁਝ ਨਾ ਮੰਗਿਆ ! ਰਾਮ ਜੀ ਦ ਤੀਸਰੀ ਵਾਰ ਕਹਿਣ ਪਰ ਹਨੂਮਾਨ ਨੇ ਬਿਨ ਕੀਤੀ ਕਿ 'ਹੇ ਪ੍ਰਭੂ ! ਜੇਕਰ ਆਪ ਇਸ ਸੇਵਕ ਨੂੰ ਕੁਝ ਬਖਸ਼ਨਾਂ ਹੀ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ ਆਪਣਾ ਪਵਿਤ੍ਰ ਕਛਹਿਰਾ ਬਖਸ਼ ਦੇਵੋ।' ਇਹ ਸੁਣਕੇ ਪ੍ਰਸੰਨ ਹੋ ਸ੍ਰੀ ਰਾਮ ਜੀ ਨੇ ਹਨੂਮਾਨ ਦੀ ਇੱਛਾ ਪੂਰੀ ਕਰ ਦਿੱਤੀ।

ਇਸ ਕਥਾ ਤੋਂ ਭਲੀ ਪ੍ਰਕਾਰ ਸਿਧ ਹੈ ਕਿ ਪੁਰਾਤਨ ਸਮੇਂ ਤੋਂ ਲੈਕੇ ਮਹਾਂ ਭਾਰਤ ਦੇ ਸਮੇਂ ਤਕ ਕਛਹਿਰਾ ਪ੍ਰਚਲਤ ਰਿਹਾ। ਹੁਣ ਆਪ ਨੂੰ ਇਸ ਦੀ ਬਾਬਤ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।

ਤਰਕਾ ਨੰਦ—ਕੇਵਲ ਇਤਨਾ ਸ਼ੰਕਾ ਹੈ ਕਿ ਸ਼ਨਾਨ ਕਰਕੇ ਇਕ ਪੌਂਚਾ ਲਾਹਕੇ ਦੂਜਾ ਪਾਉਨ ਦਾ ਕੀ ਭਾਵ ਹੋਇਆ?

ਵਿਵੇਕਾ ਸਿੰਘ—(ਹੱਸਕੇ) ਭਲਾ ਇਹ ਭੀ ਕੋਈ ਸ਼ੰਕਾ ਹੈ, ਕੀ ਤੁਹਾਡੇ ਖਿਆਲ ਵਿਚ ਗਿੱਲਾ ਕਛਹਿਰਾ ਲਾਹਕੇ ਪੰਜ ਸੱਤ ਮਿੰਟ ਨੰਗੇ ਫਿਰਕੇ ਦੂਜਾ ਕਛਹਿਰਾ ਪਹਿਰਨਾ ਚਾਹੀਦਾ ਹੈ ? ਇਹ ਤਾਂ ਰੀਤੀ ਹੀ ਹੈ ਕਿ ਜਿਸ ਵੇਲੇ ਕੋਈ ਤੇੜ ਦਾ ਕਪੜਾ ਬਦਲਣ ਲਗੋ ਤਦ ਦੂਜਾ ਪਹਿਲਾਂ ਲੈ ਲਿਆ ਜਾਂਦਾ ਹੈ। ਅਸੀਂ ਤਾਂ ਭਲਾ ਗਿੱਲਾ ਪੌਂਚਾ

Sri Satguru Jagjit Singh Ji eLibrary NamdhariElibrary@gmail.com

ਲਾਹਕੇ ਹੀ ਸੁੱਕਾ ਕਛਹਿਰਾ ਪਹਿਨਦੇ ਹਾਂ, ਪਰੰਤੂ ਧੋਤੀ ਪ੍ਰਸ਼ਾਦਿ ਤਾਂ ਸਾਥੋਂ ਵੀ ਦੋ ਕਦਮ ਅੱਗੇ ਹਨ ਕਿਉਂਕਿ ਉਨ੍ਹਾਂ ਨੂੰ ਗਿੱਲੀ ਧੋਤੀ ਦੇ ਉਪਰ ਪਹਿਲੋਂ ਸੁਕੀ ਵਲ੍ਹੇਹਕੇ ਗਿੱਲੀ ਧੋਤੀ ਲਾਹੁਣੀ ਪੈਂਦੀ ਹੈ। ਜੇ ਅਜਿਹਾ ਨ ਕਰਨ ਤਾਂ ਬੇਪਰਦ ਹੋਣ ਦਾ ਡਰ ਰਹਿੰਦਾ ਹੈ । ਭਲਾ ਹੋਰ ਤਾਂ ਇਕ ਪਾਸੇ ਰਹੇ ਤੁਸੀਂ ਆਪਣੀ ਵਲ ਹੀ ਦੇਖੋ ਗਿੱਲੀ ਕੁਪੀਨ ਲਾਹੁਣ ਤੋਂ ਪਹਿਲਾਂ ਦੂਸਰੀ ਨਹੀਂ ਪਹਿਣ ਲੈਂਦੇ ? ਸਗੋਂ ਤੁਹਾਨੂੰ ਤਾਂ ਛੇ ਗਜ਼ ਦੀ ਚਾਦਰ ਦਾ ਆਪਣੇ ਚੁਫੇਰੇ ਤੰਬੂ ਹੀ ਤਾਨਣਾ ਪੈਂਦਾ ਹੈ ਤੇ ਅਸੀਂ ਨਿਕੇ ਜਿਹੇ ਪਰਨੇ ਨਾਲ ਹੀ ਕਛਹਿਰਾ ਬਦਲ ਲੈਂਦੇ ਹਾਂ।

ਦੋਹਰਾ—

ਪ੍ਰਬਲ ਯੁਕਤ ਪ੍ਰਮਾਨ ਸੁਨ ਸਾਧੂ ਤਰਕਾ ਨੰਦ॥
ਮੌਨ ਸਾਧ ਵਿਸਮੇ ਭਯੋ ਪ੍ਰਸ਼ਨੋਤ੍ਰ ਤੇ ਬੰਦ॥
ਪਰ ਫਿਰਕੁਛ ਚਿਰਥਿਰਕਹਿਓ ਸੁਨੋਂ ਸਿੰਘ ਜੀਬੈਨ ॥
ਮੋਹਿ ਕਛਹਿਰੇ ਕੇ ਵਿਖੇ ਸੰਸਾ ਕਿਛੂ ਰਹਿਓ ਨ ॥
ਕਾਹਿ ਬੜ੍ਹਾਏ ਇਤੇ ਤੁਮ ਲਾਂਬੇ ਦਾੜ੍ਹਾ ਕੇਸ॥
ਗਿਆਨਵਾਨ ਕੋ ਨਹਿ ਫਬੇ ਇਹ ਤਪੀਅਨ ਕੋ ਭੇਸ ॥

ਵਿਵੇਕਾ ਸਿੰਘ—ਵਾਹ ! ਵਾਹ ! ਤਰਕਾ ਨੰਦ ਜੀ ! ਆਪ ਨੂੰ ਤਾਂ ਕਾਵਯ ਰਚਨਾਂ ਦਾ ਵੀ ਚਸਕਾ ਹੈ । ਲੌ ਫਿਰ ਆਪ ਦੇ ਪ੍ਰਸ਼ਨਾਂ ਦਾ ਉਤਰ ਭੀ ਕਾਵਯ ਵਿਚ ਹੀ ਅਰੰਭ ਕੀਤਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@

ਦੋਹਿਰਾ ॥

ਜਟਾ ਜੂਟ ਕੇਵਲ ਤਪੀ ਹੋਇ ਨ ਮਾਨਵ ਅੰਨਿਯ ॥
ਮੁੰਡਨ ਲਛਨ ਗਿਆਨ ਕੋ ਕਹਿਓ ਅਹੋ ਤੁਮ ਧੰਨਿਯ ॥
ਜੋ ਹੈ ਕਾਰਨ ਗਿਆਨ ਕੋ ਸਿਰ ਮੁੰਡਨ ਮ੍ਰਯਾਦਿ ॥
ਤਬ ਤੋ ਜੀਵਨ ਮੁਕਤ ਹੈ ਮੀਢੇ ਭੇਡਾਂ ਆਦਿ ॥
ਜੋ ਟੋਟਨ ਚਿਲਕਾਓਨ ਤੇ ਹੋਇ ਅਗਿਆਨ ਵਿਧ੍ਵੰਸ ॥
ਤਬ ਤੋ ਗੰਜੇ ਨਰ ਸਭੇ ਤਤ ਵੇਤਾ ਪਰਮ ਹੰਸ ॥

ਵਿਵੇਕਾ ਸਿੰਘ—ਤਰਕਾ ਨੰਦ ! ਜੀ ਆਪ ਜੀ ਦੀ ਵਿਚਾਰ ਸ਼ਕਤੀ ਭੀ ਅਜੀਬ ਹੈ। ਜੋ ਕੇਸਾਂ ਨੂੰ ਗਿਆਨਵਾਨ ਲਈ ਅਯੋਗ ਦਸਦੇ ਹੋ । ਜੇਕਰ ਮੁੰਨਿਆ ਹੋਇਆ ਸਿਰ ਹੀ ਗਿਆਨਵਾਨ ਦਾ ਲਛਣ ਹੈ ਤਦ ਸਦਾ ਮੁੰਨੀਦੀਆਂ ਰਹਿਣ ਵਾਲੀਆਂ ਭੇਡਾਂ ਯਾਂ ਜਮਾਂਦਰੂ ਗੰਜੇ ਤੱਤਵੇਤਾ ਪਰਮਹੰਸ ਹੋਣੇ ਚਾਹੀਦੇ ਹਨ ।

ਤਰਕਾ ਨੰਦ—ਮੇਰੇ ਕਥਨ ਦਾ ਭਾਵ ਆਪ ਨਹੀਂ ਸਮਝੇ । ਮੈਂ ਮੁੰਡਨ ਨੂੰ ਗਿਆਨ ਦਾ ਸਾਧਨ ਨਹੀਂ ਦਸ ਰਿਹਾ, ਸਗੋਂ ਇਹ ਕਹਿੰਦਾ ਹਾਂ ਕਿ ਤਤਵੇਤਾ ਗਿਆਨਵਾਨ ਨੂੰ ਕੇਸ ਦਾਹੜਾ ਸਜਦੇ ਹੀ ਨਹੀਂ, ਇਸ ਲਈ ਮੁੰਡਨ ਹੀ ਠੀਕ ਹੈ, ਦੇਖੋ ਕਬੀਰ ਸਾਹਿਬ ਫੁਰਮਾਉਂਦੇ ਹਨਃ—

"ਕਬੀਰ ਪ੍ਰੀਤ ਇਕੁ ਸਿਉ ਕੀਏ ਆਨ ਦੁਬਿਧਾ ਜਾਏ ॥
ਭਾਵੈ ਲਾਂਬੇ ਕੇਸ ਕਰ ਭਾਵੈ ਘਰਰਿ ਮੁੰਡਾਇ ॥"

ਵਿਵੇਕਾ ਸਿੰਘ—ਸੰਤ ਜੀ ! ਭਲਾ ਗਿਆਨਵਾਨ ਭੀ ਕਿਸੇ ਥੀਏਟਰ ਦਾ ਐਕਟਰ ਹੈ? ਜਿਸ ਨੂੰ ਅਨੇਕਾਂ ਵੇਸ ਧਾਰਕੇ ਦਰਸ਼ਕਾਂ ਨੂੰ ਰੀਝਾਉਣ ਦੀ ਲੋੜ ਪੈਂਦੀ ਹੋਵੇ ? ਇਸੇ ਤਰ੍ਹਾਂ

Sri Satguru Jagjit Singh Ji eLibrary NamdhariElibrary@gmail.com

ਮੁੰਡਨ ਕਰਵਾਉਨਾ ਕੋਈ ਸਜਾਵਟ ਦਾ ਕਾਰਨ ਭੀ ਨਹੀਂ, ਕਿਉਂਕਿ ਸਿਰ ਮੂੰਹ ਮੁੰਨਿਆਂ ਰਤਾ ਮੁਟੇਰੇ ਪੁਰਸ਼ ਦੀ ਸ਼ਕਲ ਤਾਂ ਬੀਕਾਨੇਰੀ ਮਤੀਰੇ ਵਰਗੀ ਹੋ ਜਾਂਦੀ ਹੈ, ਪਰ ਪਤਲੇ ਮਨੁਖ ਦਾ ਮੂੰਹ ਤਾਂ ਸੁਕੇ ਹੋਏ ਚਿੱਭੜ ਜਿਹਾ ਪਰਤੀਤ ਹੁੰਦਾ ਹੈ। ਇਸ ਤੋਂ ਸਿੱਧ ਹੋਇਆ ਜੁ ਕੇਸ ਦਾਹੜਾ ਹੀ ਪੁਰਸ਼ ਸੁੰਦਰਤਾ ਦਾ ਕਾਰਨ ਹੈ।

ਵੇਖੋ ! ਸ੍ਰੀ ਰਾਮ,ਸ੍ਰੀ ਕ੍ਰਿਸ਼ਨ ਆਦਿ ਕੇਸਾ ਧਾਰੀਆਂ ਦੇ ਫੋਟੋ ਕੈਸੇ ਸੁੰਦਰ ਪ੍ਰਤੀਤ ਹੁੰਦੇ ਹਨ। ਕਬੀਰ ਸਾਹਿਬ ਦਾ ਜੋ ਸ਼ਲੋਕ ਆਪਨੇ ਮੁੰਡਨ ਦੀ ਪੁਸ਼ਟੀ ਵਿਚ ਦਿਤਾ ਹੈ, ਉਸ ਦਾ ਭਾਵ ਆਪ ਨਹੀਂ ਸਮਝੇ ।

ਤਰਕਾ ਨੰਦ—ਉਸ ਦਾ ਭਾਵ ਤਾਂ ਸਪਸ਼ਟ ਹੈ, ਏਹ ਵੀ ਕੋਈ ਸੰਸਕ੍ਰਿਤ ਹੈ ਜਿਸ ਨੂੰ ਵਿਆਕਰਣ ਦੀਆਂ ਉਕਤੀਆਂ ਯੁਕਤੀਆਂ ਨਾਲ ਹੋਰ ਦਾ ਹੋਰ ਬਣਾਇਆ ਜਾ ਸਕੇ।

ਵਿਵੇਕਾ ਸਿੰਘ—ਜੇਕਰ ਆਪ ਦੇ ਹਠ ਅਨੁਸਾਰ ਥੋੜੇ ਚਿਰ ਲਈ ਇਸ ਸ਼ਲੋਕ ਨੂੰ ਮੁੰਡਨ ਪੁਸ਼ਟੀ ਕਾਰਕ ਮੰਨ ਲਈਏ ਤਦ ਆਪ ਇਹ ਵੀ ਮੰਨੋਗੇ ਕਿ ਇਹ ਨਹੀਂ ਹੋਸਕਦਾ ਜੋ ਕਬੀਰ ਸਾਹਿਬ ਜੈਸੇ ਸੱਤ ਪੁਰਸ਼ੋਂ ਨੇ ਆਪਨੇ ਬਚਨਾਂ ਦੁਆਰਾ ਮੁੰਡਨ ਦਾ ਮੰਡਨ ਕਰਕੇ ਕਿਧਰੇ ਖੰਡਨ ਭੀ ਕੀਤਾ ਹੋਵੇ ।

ਤਰਕਾ ਨੰਦ—ਇਹ ਤਾਂ ਹੋ ਹੀ ਨਹੀਂ ਸਕਦਾ ਸੁ ਕਬੀਰ ਸਾਹਿਬ ਜੈਸੇ ਸਤਿਵਾਦੀ ਇਕ ਜਗ੍ਹਾ ਮੁੰਡਨ ਦਾ ਮੰਡਨ ਕਰਕੇ ਫਿਰ ਆਪ ਹੀ ਖੰਡਨ ਭੀ ਕਰ ਦੇਣ ।

ਵਿਵੇਕਾ ਸਿੰਘ—ਬਹੁਤ ਅੱਛਾ ! ਕ੍ਰਿਪਾ ਕਰਕੇ ਇਸ

Sri Satguru Jagjit Singh Ji eLibrary NamdhariElibrary@gmail.com

ਸ਼ਲੋਕ ਦਾ ਅਰਥ ਭੀ ਕਰ ਦੇਣਾ ਜੋ ਮੈਂ ਆਪ ਦੀ ਭੇਟਾ ਕਰਦਾ ਹਾਂ:—

ਕਬੀਰ ਮਨ ਮੂੰਡਿਆ ਨਹੀ ਕੇਸ ਮੁੰਡਾਏ ਕਾਇ।
ਜੋ ਕਿਛ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ॥

ਤਰਕਾ ਨੰਦ(ਘਬਰਾਕੇ) ਸਿੰਘ ਜੀ ! ਇਸ ਸ਼ਲੋਕ ਵਿਚ ਤਾਂ ਕਬੀਰ ਸਾਹਿਬ ਜੀ ਨੇ ਮੁੰਡਨ ਦਾ ਸਾਫ ਖੰਡਨ ਕੀਤਾ ਹੈ, ਜਿਸ ਦਾ ਮੈਨੂੰ ਪਤਾ ਨਹੀਂ ਸੀ, ਪਰ "ਭਾਵੈ ਘਰਹਿ ਮੁੰਡਾਇ" ਦਾ ਕੀ ਅਰਥ ?

ਵਿਵੇਕਾ ਸਿੰਘ—ਉਸ ਦਾ ਭਾਵ ਦੱਸਣ ਤੋਂ ਪਹਿਲਾਂ ਮੈਂ ਆਪ ਨੂੰ ਪੁਛਦਾ ਹਾਂ ਜੋ ਕਬੀਰ ਸਾਹਿਬ ਖੁਦ ਮੁੰਡਤ ਸਨ ਯਾਂ ਕੇਸਾ ਧਾਰੀ ?

ਤਰਕਾ ਨੰਦ—ਕਬੀਰ ਜੀ ਦੀਆਂ ਵਰਤਮਾਨ ਮੂਰਤੀਆਂ ਅਤੇ ਜੀਵਨ ਚਰਿਤ੍ਰ ਪੜ੍ਹਨ ਤੋਂ ਤਾਂ ਇਹੋ ਸਿਧ ਹੁੰਦਾ ਹੈ ਕਿ ਓਹ ਜਟਾ ਜੂਟ ਰਹੇ ਹਨ।

ਵਿਵੇਕਾ ਸਿੰਘ—ਜੇਕਰ ਤੁਹਾਡੇ ਕਥਨ ਮੂਜਬ ਕੇਸ ਦਾੜ੍ਹਾ ਗਿਆਨਵਾਨ ਲਈ ਬੰਧਨ ਰੂਪ ਹਨ ਤਦ ਕਬੀਰ ਸਾਹਿਬ ਜੀ ਘੋਨ ਮੋਨ ਬਣਕੇ ਬੰਧਨ ਤੋਂ ਮੁਕਤ ਕਿਉਂ ਨਾ ਹੋਏ ?

ਤਰਕਾ ਨੰਦ—ਫਿਰ ਉਨ੍ਹਾਂ "ਭਾਵੈ ਘਰਰਿ ਮੁੰਡਾਇ" ਕਹਿਕੇ ਮੁੰਡਨ ਦੀ ਖੁਲ੍ਹ ਕਿਉਂ ਦੇ ਦਿਤੀ ?

ਵਿਵੇਕਾ ਸਿੰਘ—

Sri Satguru Jagjit Singh Ji eLibrary NamdhariElibrary@gmail.com

ਸੁਨੋ ਸੰਤ ਜੀ ਧਿਆਨ ਦੇ ਨਹਿ ਘਬਰਾਵੋ ਰੰਚ ॥
ਦੂਰ ਕਰੋਂ ਗੁਰ ਕ੍ਰਿਪਾ ਤੇ ਸਕਲੋਂ ਭ੍ਰਮ ਧਰਪੰਚ ॥
ਜਟਾ ਜੂਟ ਰਹਿਨੋ ਸਦਾ ਨਹਿ ਬੰਧਨ ਕਿਸ ਰੀਤ ॥
ਉਲਟਾ ਮੁੰਡਨ ਕੀ ਕ੍ਰਿਆ ਦ੍ਰਿੜ ਬੰਧਨ ਹੈ ਮੀਤ ॥

ਸੰਤ ਜੀ ! ਧਿਆਨ ਨਾਲ ਸੁਣੋ । ਭਾਵੇ ਸ਼ਬਦ ਹਿੰਦੀ ਭਾਸ਼ਾ ਦਾ ਹੈ, ਇਸ ਲਈ ਇਸ ਨੂੰ ਪੰਜਾਬੀ ਦੇ 'ਭਾਵੇਂ' ਪਦ ਦੀ ਥਾਂ ਨਹੀਂ ਵਰਤਿਆ ਜਾ ਸਕਦਾ ਕਿਉਂਕਿ ਕਬੀਰ ਸਾਹਿਬ ਹਿੰਦੁਸਤਾਨ ਦੇ ਰਹਿਣ ਵਾਲੇ ਸਨ, ਇਸ ਲਈ ਭਾਵੈ ਸ਼ਬਦ ਦਾ ਇਹ ਅਰਥ ਹੈ ਕਿ ਹੇ ਪੁਰਸ਼ ! ਪਰਮਾਤਮਾਂ ਤੇਰੇ ਕੇਸਾਂ ਨੂੰ (ਭਾਵੈ) ਅਰਥਾਤ ਚਾਹੁੰਦਾ ਹੈ ਕਿ ਲੰਬੇ ਕਰਾਂ, ਪਰੰਤੂ ਉਸਦੀ ਇਛਜਾ ਦੇ ਉਲਟ (ਭਾਵੈ) ਅਰਥਾਤ ਚਾਹੁੰਦਾ ਹੈਂ ਕਿ ਘਰਰ ਮੁਨਾ ਦਿਆਂ । ਇਸ ਲਈ ਤੇਰਾ ਇਹ ਕਰਤਵ ਈਸ਼ਵਰ ਆਗਿਆ ਦੇ ਉਲਟ ਹੈ । ਇਸ ਦਾ ਤਿਆਗ ਕਰਕੇ ਇਕ ਈਸ਼ਵਰ ਨਾਲ ਪ੍ਰੀਤ ਕਰ, ਕਿਉਂਕਿ ਉਸ ਦੇ ਹੁਕਮ ਵਿਚ ਚਲਣਾ ਹੀ ਦੁਬਿਧਾ ਨੂੰ ਦੂਰ ਕਰਨ ਦਾ ਸਾਧਨ ਅਤੇ ਤੇਰੀ ਕਲਿਆਣ ਦਾ ਕਾਰਨ ਹੈ।

ਤਰਕਾ ਨੰਦ–ਇਹ ਤਾਂ ਆਪ ਦਾ ਮਨ ਉਕਤ ਅਰਥ ਪ੍ਰਤੀਤ ਹੁੰਦਾ ਹੈ, ਭਲਾ ਗੁਰਬਾਣੀ ਵਿਚ 'ਭਾਵੈ' ਸ਼ਬਦ ਨੂੰ ਹੋਰ ਕਿਸੇ ਥਾਂ ਪਤ ਬੀ 'ਚਾਹੁਣ' ਦੇ ਅਰਥਾਂ ਲਈ ਵਰਤਿਆ ਹੈ ?

ਵਿਵੇਕਾ ਸਿੰਘ–ਜੀ ਹਾਂ, ਵੇਖੋ ਸਤਿਗੁਰੂ ਜੀ ਫੁਰਮਾਉਂਦੇ ਹਨ:–

ਸਤਿਗੁਰੂ ... ਸਿੰਘ ਪੁਸਤਕਾਲਯ ਪੁਸਤਕ ਨੰ:........ ਅਲਮਾਰੀ........ ਸ੍ਰੀ ...

Sri Satguru Jagjit Singh Ji eLibrary NamdhariElibrary@gmail.com

ਖਸਮੈ ਭਾਵੈ ਸੋ ਕਰੈ ਮਨਹੁਚਿੰਦਿਆ ਸੋ ਫਲ ਪਾਇਸੀ॥
ਤਾ ਦਰਗਹਿ ਪੈਧਾ ਜਾਇਸੀ ॥

ਅਰਥਾਤ ਮਹਾਰਾਜ ਦਸਦੇ ਹਨ ਕਿ ਜੇਕਰ ਇਹ ਜੀਵ ਮਨਮਤ ਛਡਕੇ ਪਰਮਾਤਮਾ ਦੇ ਹੁਕਮ ਅਨੁਸਾਰ ਚਲੇ ਤਾਂ ਅੰਤ ਸਮੇਂ ਬੜੀ ਇਜ਼ਤ ਨਾਲ ਪ੍ਰਲੋਕ ਨੂੰ ਜਾਇ। ਇਹੋ ਉਪਦੇਸ਼ ਕਬੀਰ ਸਾਹਿਬ ਨੇ ਕੀਤਾ ਹੈ।

ਤਰਕਾ ਨੰਦ—ਕੀ ਆਪ ਕਬੀਰ ਸਹਿਬ ਦੇ ਸ਼ਲੋਕ "ਘਰਿ ਮੁੰਡਾਇ" ਵਾਲੇ ਦੀ ਉਥਾਨਕਾ ਦਸ ਸਕਦੇ ਹੋ, ਜਿਸ ਤੋਂ ਇਹ ਸਿਧ ਹੋਵੇ ਜੋ ਕਬੀਰ ਸਾਹਿਬ ਮੁੰਡਨ ਦਾ ਖੰਡਨ ਕਰ ਰਹੇ ਹਨ ?

ਵਿਵੇਕਾ ਸਿੰਘ—ਆਪ ਸੁਣਨ ਵਾਲੇ ਬਣੋ, ਇਕ ਵੇਰਾਂ ਕਾਂਸ਼ੀ ਵਿਚ ਘੋਨ ਮੋਨ ਰਹਿਣ ਵਾਲੇ ਪੰਡਤ ਅਤੇ ਲੰਮੀਆਂ ਜੁੜਾਵਾਂ ਵਾਲੇ ਸਾਧੂਆਂ ਦਾ ਆਪਸ ਵਿਚ ਵਾਦ ਵਿਵਾਦ ਹੋ ਗਿਆ ਅਤੇ ਹਰ ਇਕ ਆਪਣੇ ਪਖਸ਼ ਨੂੰ ਹੀ ਸਿਧ ਕਰਦਾ ਸੀ। ਮੁੰਡਤ ਇਹ ਕਹਿੰਦੇ ਸਨ ਕਿ ਸਿਰ ਮੁਨਾਉਣ ਦੀ ਮ੍ਰਜਾਦਾ ਉੱਤਮ ਹੈ ਅਤੇ ਜਟਾਧਾਰੀ ਇਹ ਸਿਧ ਕਰਦੇ ਸਨ ਕਿ ਬੋਹੜ ਦਾ ਦੁਧ ਅਤੇ ਸੁਆਹ ਰਲਾਕੇ ਕੇਸਾਂ ਦੀਆਂ ਜੜਾਵਾਂ ਬਣਾਏ ਬਿਨਾਂ ਮੁਕਤੀ ਨਹੀਂ ਮਿਲਦੀ। ਜਦ ਆਪਸ ਵਿਚ ਕੋਈ ਫੈਸਲਾ ਨਾ ਹੋ ਸਕਿਆ ਤਦ ਦੋਵੇਂ ਫਰੀਕ ਕਬੀਰ ਸਾਹਿਬ ਜੀ ਪਾਸ ਆਏ, ਕਿਉਂਕਿ ਉਨ੍ਹੀਂ ਦਿਨੀਂ ਆਪ ਦੀ ਕਾਂਸ਼ੀ ਵਿਚ ਕਾਫੀ ਇੱਜ਼ਤ ਸੀ। ਆਪ ਨੇ ਦੋਹਾਂ ਫਰੀਕਾਂ ਦੇ ਬਿਆਨ ਸੁਣਕੇ ਫੁਰਮਾਇਆ ਕਿ ਤੁਹਾਡੇ ਵਿਚੋਂ ਇਕ ਫਰੀਕ (ਭਾਵੇ) ਅਰਥਾਤ ਇਹ ਚਾਹੁੰਦਾ ਹੈ ਜੋ ਸੁਆਹ ਦੁਧ

Sri Satguru Jagjit Singh Ji eLibrary NamdhariElibrary@gmail.com

ਲਾਕੇ ਕੇਸਾਂ ਨੂੰ ਜਟਾਂ ਬਣਾਕੇ ਵਧਾਇਆ ਜਾਏ ਅਤੇ ਦੂਜੇ (ਭਾਵੇ) ਅਰਥਾਤ ਚਾਹੁੰਦੇ ਹਨ ਕਿ ਉਸਤਰੇ ਨਾਲ ਘੋਟਾ ਕਰਾਕੇ ਟੋਟਨ ਚਿਲਕਾਇਆ ਜਾਵੇ । ਪਰ ਜੇਕਰ ਸਾਥੋਂ ਪੁਛਦੇ ਹੋ ਤਦ ਇਸ ਦੁਬਿਧਾ ਰੂਪੀ ਕ੍ਰਿਯਾ ਨੂੰ ਛਡੋ ਤੇ ਜੁੜਾਵਾਂ ਬਨਾਉਣੀਆਂ ਅਤੇ ਮੁੰਡਨ ਕਰਨਾ ਉਕਾ ਤਿਆਗ ਕੇ ਸਰਬ ਸ਼ਕਤੀਮਾਨ ਪ੍ਰਮਾਤਮਾਂ ਨਾਲ ਪ੍ਰੀਤ ਕਰੋ, ਕਿਉਂਕਿ ਇਹੋ ਹੀ ਮੁਕਤੀ ਦਾ ਸਾਧਨ ਹੈ । ਜਿਸ ਨੂੰ ਸੁਣਕੇ ਦੋਹਾਂ ਫਰੀਕਾਂ ਨੇ ਝਗੜਾ ਛਡ ਦਿਤਾ ਅਤੇ ਜਟਾ ਜੂਟ ਕੇਸ਼ ਧਾਰੀ ਬਣ ਕੇ ਈਸ਼੍ਵਰ ਦੀ ਭਗਤੀ ਕਰਨ ਲਗ ਪਏ, ਅਤੇ ਪ੍ਰਮਾ-ਤਮਾਂ ਦੇ ਇਸ ਰੱਬੀ ਹੁਕਮ ਅਗੇ ਸਿਰ ਝੁਕਾ ਦਿਤਾ ॥

**ਜੋ ਤੁਧੁ ਭਾਵੈ ਸਾਈ ਭਲੀ ਕਾਰ । ਤੂੰ ਸਦਾ ਸਲਾਮਤਿ ਨਿਰੰਕਾਰ ।**

ਤਰਕਾ ਨੰਦ—ਅਛਾ ਸਲੋਕ ਦਾ ਅਰਥ ਤਾਂ ਮੈਂ ਇਸੇ ਤਰ੍ਹਾਂ ਮੰਨ ਲੈਂਦਾ ਹਾਂ ਜਿਸ ਤਰ੍ਹਾਂ ਆਪ ਨੇ ਕੀਤਾ ਹੈ, ਪਰ ਇਹ ਕਿਸ ਤਰ੍ਹਾਂ ਮੰਨਿਆ ਜਾਵੇ ਕਿ ਕੇਸ ਰੱਖਣੇ ਹੀ ਈਸ਼੍ਵਰ ਨੂੰ ਭਾਉਂਦੇ ਹਨ ?

ਵਿਵੇਕਾ ਸਿੰਘ—ਜੇਕਰ ਮੁੰਡਨ ਹੀ ਪਰਮਾਤਮਾ ਨੂੰ ਚੰਗਾ ਪ੍ਰਤੀਤ ਹੁੰਦਾ ਤਾਂ ਕੀ ਓਹ ਤੁਹਾਨੂੰ ਕੇਸਾਂ ਤੋਂ ਬਿਨਾਂ ਪੈਦਾ ਨਹੀਂ ਸੀ ਕਰ ਸਕਦਾ ? ਵੇਖੋ ! ਇਸਤ੍ਰੀ ਜਾਤੀ ਨੂੰ ਦਾਹੜਾ ਨਹੀਂ ਆਉਂਦਾ, ਕਿਉਂਕਿ ਉਨ੍ਹਾਂ ਨੂੰ ਦਾੜ੍ਹੇ ਰਹਿਤ ਰੱਖਣਾ ਹੀ ਕੁਦਰਤ ਨੂੰ ਮਨਜ਼ੂਰ ਹੈ।

ਤਰਕਾ ਨੰਦ—ਭਾਵੇਂ ਕਬੀਰ ਸਾਹਿਬ ਮੁੰਡਨ ਦੇ

Sri Satguru Jagjit Singh Ji eLibrary NamdhariElibrary@gmail.com

ਵਿਰੁਧ ਹੀ ਹੋਣ, ਪਰ ਮੇਰਾ ਵਿਚਾਰ ਹੈ ਕਿ ਗ੍ਰਿਹਸਥੀ ਬੇਸ਼ਕ ਕੇਸ ਰਖੇ, ਪਰੰਤੂ ਵੈਰਾਗਵਾਨ ਲਈ ਤਾਂ ਇਨ੍ਹਾਂ ਦਾ ਰਖਣਾ ਬੰਧਨ ਹੀ ਪ੍ਰਤੀਤ ਹੁੰਦਾ ਹੈ। ਵੇਖੋ ਗੁਰੂ ਜੀ ਫੁਰਮਾਉਂਦੇ ਹਨ:—

ਜੋ ਗ੍ਰਿਹਿ ਕਰਹਿ ਤ ਧਰਮ ਕਰ ਨਹੀ ਤ ਕਰ ਬੈਰਾਗ॥
ਬੈਰਾਗੀ ਬੰਧਨ ਕਰੈ ਤਾਂ ਕੋ ਬਡੋ ਅਭਾਗ॥

ਇਸ ਗੁਰਵਾਕ ਅਨੁਆਰ ਕੇਸਾਂ ਦਾ ਰਖਨਾ ਜੇਕਰ ਧਰਮ ਹੈ, ਤਦ ਗ੍ਰਿਹਸਥੀ ਲਈ ਹੀ ਜ਼ਰੂਰੀ ਹੈ, ਬੈਰਾਗੀ ਲਈ ਨਹੀਂ।

ਵਿਵੇਕਾ ਸਿੰਘ—ਤਰਕਾ ਨੰਦ ਜੀ! ਆਪ ਦੀ ਬੁਧੀ ਭੀ ਵਚਿੱਤ੍ਰ ਹੈ, ਇਸ ਸਲੋਕ ਵਿਚ ਤਾਂ ਕੇਸਾਂ ਦਾ ਜ਼ਿਕਰ ਹੀ ਨਹੀਂ ਆਯਾ। ਫਿਰ ਆਪਨੇ ਉਨ੍ਹਾਂ ਨੂੰ ਬੰਧਨ ਕਿਵੇਂ ਸਿਧ ਕਰ ਦਿਤਾ ?

ਤਰਕਾ ਨੰਦ—ਤਦ ਹੋਰ ਬੈਰਾਗੀ ਲਈ ਗੁਰੂ ਜੀ ਨੇ ਕੇਹੜੇ ਬੰਧਨ ਦਾ ਜ਼ਿਕਰ ਕੀਤਾ ਹੈ।

ਵਿਵੇਕਾ ਸਿੰਘ—ਤਰਕਾ ਨੰਦ ਜੀ ਸੁਣੋ! ਇਨ੍ਹਾਂ ਵਾਕਾਂ ਦਵਾਰਾ ਸਤਿਗੁਰੂ ਜੀ ਗ੍ਰਿਹਸਥੀ ਨੂੰ ਦਾਨ ਕਰਨ ਦਾ ਉਪ-ਦੇਸ਼ ਕਰਦੇ ਹਨ,ਕਿਉਂਕਿ ਧਰਮ ਸ਼ਾਸਤ੍ਰ ਵਿਚ ਲਿਖਿਆ ਹੈ-

ਸਤਿ ਆਦਿ ਮੁਤਿ ਪਦਿਯਤੇ ਧਰਮਾ:
ਦਯਾ ਦਾਨਾਦਿ ਵਰਧਤੇ॥

ਅਰਥਾਤ ਸਚ ਬੋਲਣ ਕਰਕੇ ਧਰਮ ਪੈਦਾ ਹੁੰਦਾ ਹੈ ਅਤੇ ਦਯਾ ਦਾਨ ਕਰਕੇ ਵਧਦੀ ਹੈ, ਇਸ ਲਈ ਗ੍ਰਿਹਸਤੀ ਦਾ ਪਰਮ ਧਰਮ ਹੈ ਕਿ ਨਿਤਾ ਪ੍ਰਤੀ ਯਥਾ ਸ਼ਕਤੀ ਦਾਨ ਕਰੇ

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਦਾਨ ਧਨ ਨਾਲ ਕੀਤਾ ਜਾ ਸਕਦਾ ਹੈ। ਹੁਣ ਜੇਕਰ ਧਨ ਹੁੰਦਿਆਂ ਗ੍ਰਿਹਿਸਤੀ ਦਾਨ ਨ ਕਰੇ ਤਦ ਉਸ ਦੀ ਕਲਿਆਨ ਦਾ ਸਾਧਨ ਹੀ ਹੋਰ ਕੋਈ ਨਹੀਂ। ਏਸੇ ਤਰ੍ਹਾਂ ਜੇਕਰ ਵੈਰਾਗੀ ਪੁਰਸ਼ ਧਨ ਦੇ ਅਭਾਵ ਕਰਕੇ ਕਲਿਆਨ ਕਾਰੀ ਸਿਮਰਨ ਦਾ ਤਿਆਗ ਕਰ ਦੇਵੇ ਅਤੇ ਇਹ ਚਾਹੇ ਕਿ ਧਨ ਇਕੱਠਾ ਕਰਕੇ ਗ੍ਰਿਹਿਸਥੀਆਂ ਦੀ ਤਰਾਂ ਦਾਨ ਕਰਾਂ ਤਦ ਉਸ ਲਈ ਇਹ ਪਰਮ ਬੰਧਨ ਨਹੀਂ ਤਾਂ ਹੋਰ ਕੀ ਹੈ ? ਇਸ ਵਾਸਤੇ ਸਤਿਗੁਰੂ ਜੀ ਨੇ ਫੁਰਮਾਇਆ ਹੈ ਕਿ ਗ੍ਰਿਹਿਸਤੀ ਦਾਨ ਕਰੇ ਅਤੇ ਬੈਰਾਗੀ ਕੇਵਲ ਸਿਮਰਨ ਕਰੇ।

ਤਰਕਾ ਨੰਦ—ਜਿਸ ਤਰ੍ਹਾਂ ਧਨ ਇਕੱਠਾ ਕਰਨਾ ਬੈਰਾਗੀ ਲਈ ਬੰਧਨ ਹੈ, ਇਸੇ ਤਰ੍ਹਾਂ ਕੇਸਾਂ ਦਾ ਇਕੱਠਾ ਕਰਕੇ ਸਿਰ ਪਰ ਧਾਰਨ ਕਰਨਾ ਬੈਰਾਗੀ ਲਈ ਪੱਕਾ ਬੰਧਨ ਹੈ।

ਵਿਵੇਕਾ ਸਿੰਘ—ਇਹ ਆਪ ਦੀ ਭੁਲ ਹੈ, ਕਿਉਂਕਿ ਆਪ ਨੇ ਬੰਧਨ ਪਦ ਦੇ ਅਰਥ ਨੂੰ ਨਹੀਂ ਵਿਚਾਰਿਆ ਬੰਧਨ ਅਸਲ ਵਿਚ ਓਹ ਹੁੰਦਾ ਹੈ ਜਿਸ ਵਿਚ ਮਨੁਖ ਨੂੰ ਪਰ-ਅਧੀਨ ਹੋਣਾ ਪਵੇ। ਜਿਸ ਕਰਮ ਨੂੰ ਪੁਰਸ਼ ਖੁਦ ਆਪ ਕਰ ਸਕਦਾ ਹੈ, ਓਹ ਬੰਧਨ ਨਹੀਂ ?

ਤਰਕਾ ਨੰਦ—(ਪ੍ਰਸੰਨ ਹੋਕੇ) ਜੀ ਹਾਂ ! ਹੁਣ ਆਪ ਨੇ ਮੇਰੇ ਮਤਲਬ ਦੀ ਗੱਲ ਛੇੜੀ ਹੈ। ਕੇਸਾਂ ਨੂੰ ਧਾਰਨ ਕਰਨਾ ਕਿਆ ਕੇਸਾਂ ਦੇ ਅਧੀਨ ਹੋਣਾ ਨਹੀਂ ?

ਵਿਵੇਕਾ ਸਿੰਘ—(ਹੱਸ ਕੇ) ਤਰਕਾ ਨੰਦ ਜੀ ! ਭਲਾ

Sri Satguru Jagjit Singh Ji eLibrary NamdhariElibrary@gmail.com

ਕੇਸ ਵੀ ਕੋਈ ਦੂਜਾ ਪੁਰਸ਼ ਹਨ, ਜਿਨ੍ਹਾਂ ਨੂੰ ਧਾਰਨ ਕਰਨ ਨਾਲ ਪੁਰਸ਼ ਪ੍ਰਾਧੀਨ ਹੋ ਜਾਂਦਾ ਹੈ ? ਇਸ ਤਰ੍ਹਾਂ ਤੇ ਖਾਣਾ ਪੀਣਾ ਅਤੇ ਬਸਤਰ ਦਾ ਪਹਿਰਨਾ ਸਭ ਬੰਧਨ ਹੀ ਕਹੇ ਜਾਨਗੇ, ਜਿਨ੍ਹਾਂ ਤੋਂ ਬਿਨਾਂ ਪੁਰਸ਼ ਦਾ ਜੀਉਣਾ ਹੀ ਕਠਨ ਹੈ। ਕੇਸ ਕੋਈ ਵਖਰੀ ਚੀਜ਼ ਨਹੀਂ, ਸਗੋਂ ਜਿਸਮ ਦਾ ਅੰਗ ਹਨ। ਜਿਸ ਤਰ੍ਹਾਂ ਹੱਥਾਂ, ਪੈਰਾਂ, ਨੱਕ ਕੰਨ ਆਦਿ ਨੂੰ ਧਾਰਨ ਕਰਨਾ ਬੰਧਨ ਨਹੀਂ ਹੈ, ਓਸੇ ਤਰ੍ਹਾਂ ਦਿਮਾਗ ਦਾ ਇਕ ਖਾਸ ਅੰਗ ਹੋਣ ਕਰਕੇ (ਕੇਸਾਂ ਦਾ ਰਖਣਾ) ਵੀ ਕੋਈ ਬੰਧਨ ਨਹੀਂ ਹੈ, ਸਗੋਂ ਇਸ ਦੇ ਉਲਟ ਮੁੰਡਨ ਦੀ ਕ੍ਰਿਆ ਭਿਆਨਕ ਬੰਧਨ ਹੈ ਕਿਉਂਕਿ ਇਸ ਖੋਟੀ ਕ੍ਰਿਆ ਨੂੰ ਪੂਰਾ ਕਰਨ ਲਈ ਦੂਜੇ ਪੁਰਸ਼ ਅਰਥਾਤ ਨਾਈ ਦੀ ਲੋੜ ਪੈਂਦੀ ਹੈ ਅਤੇ ਉਸਤਰੇ ਦੀ ਡੰਡੀ ਬਨਾਉਣ ਲਈ ਤਰਖਾਣ ਦੀ ਲੋੜ ਹੈ। ਹੁਣ ਆਪ ਹੀ ਵਿਚਾਰ ਕਰੋ, ਜੇਕਰ ਤਿਆਗੀ ਪੁਰਸ਼ ਮੁੰਡਨ ਕਰਵਾਉਣਾ ਚਾਹੇ ਤਦ ਕੀ ਓਹ ਲੁਹਾਰ, ਤਰਖਾਣ, ਨਾਈ ਆਦਿਕਾਂ ਦੀ ਚਾਰਯਾਰੀ ਹਮੇਸ਼ਾਂ ਨਾਲ ਰਖੇ ? (ਕੀ ਇਹ ਤਿਆਗ ਹੈ! ਕਿ ਰਾਜ ਸਮਾਜ ?) ਜੇਕਰ ਇਨ੍ਹਾਂ ਨੂੰ ਨਾਲ ਨਾ ਭੀ ਰਖੇ ਤਦ ਤਿਆਗੀ ਪੁਰਸ਼ ਨੂੰ ਸਿਮਰਨ ਭਜਨ ਤਿਆਗਕੇ ਹਰ ਤੀਸਰੇ ਦਿਨ ਨਾਈਆਂ ਦੇ ਘਰ ਦੀ ਕੁੰਡੀ ਖੜਕਾਉਣੀ ਪਏਗੀ। ਪਰ ਅੱਜ ਕਲ ਦਾ ਸਮਾਂ ਐਸਾ ਹੈ ਕਿ ਪੈਸੇ ਲਏ ਬਿਨਾਂ ਕੋਈ ਗੱਲ ਤਕ ਭੀ ਨਹੀਂ ਕਰਦਾ। ਹੁਣ ਆਪ ਵਿਚਾਰ ਕਰੋ ਕੀ ਇਸ ਹਾਲਤ ਵਿਚ ਤਿਆਗੀ ਪੁਰਸ਼ ਹੱਟੀ ਹੱਟੀ ਇਕ ਇਕ ਪੈਸਾ ਮੰਗਦਾ ਫਿਰੇ ? ਇਸ ਪਰਕਾਰ ਹੀਣੇ

Sri Satguru Jagjit Singh Ji eLibrary NamdhariElibrary@gmail.com

ਬਣਕੇ ਮੰਗਣਾ ਉਤਮ ਪੁਰਸ਼ਾਂ ਲਈ ਮੌਤ ਨਾਲੋਂ ਭੀ ਬੁਰਾ ਹੈ ਕਿਉਂਕਿ ਮਹਾਂ ਪੁਰਸ਼ਾਂ ਦਾ ਕਥਨ ਹੈ:–

ਤ੍ਰੈ ਗੁਣ ਦੋਸ਼ ਪਰਜਾਚਨਾ ਅਰਥਿ ਵਿਅਰਥ ਭਿਜੰਤ ।
ਇਨ ਚਾਰੋਂ ਕੈ ਕਹਿਨ ਮੇਂ ਸੰਤਨ ਜੀਭ ਲਜੰਤ ॥

ਇਸ ਤੋਂ ਸਿਧ ਹੋਇਆ ਕਿ ਮੁੰਡਨ ਦੀ ਕ੍ਰਿਆ ਪਰਾਧੀਤਾ ਹੈ, ਇਸ ਲਈ ਇਸ ਮਹਾਂਨ ਬੰਧਨ ਦਾ ਤਿਆਗ ਕਰਕੇ ਗ੍ਰਹਿਸਤੀ ਅਥਵਾ ਤਿਆਗੀ ਦੋਹਾਂ ਨੂੰ ਕੇਸ ਧਾਰਨ ਕਰਕੇ ਸੁਤੰਤ੍ਰ ਹੋ ਜਾਣਾ ਚਾਹੀਦੀ ਹੈ।

ਤਰਕਾ ਨੰਦ—ਪਰ ਕਈ ਮਨੁਖ ਕੇਸਾਂ ਨੂੰ ਵਾਧੂ ਬੋਝ ਸਮਝਦੇ ਹਨ।

ਵਿਵੇਕਾ ਸਿੰਘ—ਜੇਕਰ ਕੇਸਾਂ ਦਾ ਬੋਝ ਹੈ ਤਦ ਲੱਤਾਂ, ਬਾਂਹਵਾਂ, ਹੱਥ, ਪੈਰ ਅਤੇ ਪੰਜ ਸੇਰ ਪੱਕੇ ਦਾ ਸਿਰ ਕੀ ਇਹ ਬੋਝ ਪ੍ਰਤੀਤ ਨਹੀਂ ਹੁੰਦਾ ? ਕਿਉਂਕਿ ਇਹ ਕੇਸਾਂ ਨਾਲੋਂ ਕਈ ਗੁਣਾਂ ਭਾਰੀਆਂ ਚੀਜ਼ਾਂ ਨਹੀਂ ਹਨ ?

ਤਰਕਾ ਨੰਦ–(ਦੱਬੀ ਜ਼ਬਾਨੋਂ) ਸਿੰਘ ਜੀ ! ਸਿਰ ਭਾਰਾ ਤਾਂ ਜ਼ਰੂਰ ਪ੍ਰਤੀਤ ਹੁੰਦਾ ਹੈ, ਪਰ ਕੀ ਕੀਤਾ ਜਾਵੇ । ਜੇ ਕਰ ਇਸ ਨੂੰ ਲਾਹ ਦਿਤਾ ਜਾਵੇ ਤਦ ਪ੍ਰਾਣ ਬਚਣੇ ਵੀ ਕਠਨ ਹਨ, ਇਸ ਕਰਕੇ ਮਜਬੂਰਨ ਸਿਰ ਦਾ ਭਾਰ ਚੁਕਣਾ ਹੀ ਪੈਂਦਾ ਹੈ ।

ਵਿਵੇਕਾ ਸਿੰਘ–ਪਰ ਹੱਥ ਪੈਰ ਆਦਿ ਅੰਗ ਕਟਾਉਣ ਨਾਲ ਪੁਰਸ਼ ਨਹੀਂ ਮਰਦਾ, ਇਸ ਬੋਝ ਤੋਂ ਤਾਂ ਬਚ ਜਾਵੇ ।

ਤਰਕਾ ਨੰਦ–(ਛਿਥੇ ਹੋਕੇ) ਹੈ ਤਾਂ ਠੀਕ, ਪਰ ਹੱਥ

Sri Satguru Jagjit Singh Ji eLibrary NamdhariElibrary@gmail.com

ਕਟਾਕੇ ਭੋਜਨ ਛਕਣਾਂ ਭੀ ਔਖਾ ਅਤੇ ਪੈਰਾਂ ਬਿਨਾਂ ਤੁਰਣਾ ਭੀ ਅਸੰਭਵ ।

ਵਿਵੇਕਾ ਸਿੰਘ–ਅਤੇ ਇਸੇ ਤਰ੍ਹਾਂ ਕੇਸਾਂ ਤੋਂ ਰਹਿਤ ਹੋਕੇ ਪੁਰਸ਼ ਦੇ ਸਭ ਤੋਂ ਨਾਜ਼ਕ ਅੰਗ ਦਿਮਾਗ ਦਾ ਬਚਾਓ ਹੋਣਾ ਅਸੰਭਵ ਹੈ। ਵੇਖੋ! ਜੋ ਲੋਕ ਆਪਣੀ ਬੇਸਮਝੀ ਦੇ ਕਾਰਣ ਕੇਸਾਂ ਨੂੰ ਕਟਵਾ ਛਡਦੇ ਹਨ, ਉਨ੍ਹਾਂ ਨੂੰ ਪੋਹ ਮਾਘ ਦੀ ਕਰੜੀ ਠੰਢ ਵਿਚ ਨਾਨੀ ਸੁਪਨੇ ਆ ਜਾਂਦੀ ਹੈ, ਪ੍ਰੰਤੂ ਸ਼ਰਮਿੰਦੇ ਹੋਏ ਹੋਏ ਕੇਸਾਂ ਨੂੰ ਤਾਂ ਧਾਰਨ ਨਹੀਂ ਕਰਦੇ, ਪਰ ਬਾਂਦਰਾਂ, ਰਿਛਾਂ ਅਤੇ ਸਹਿਆਂ ਚੂਹਿਆਂ ਦੀਆਂ ਖੱਲ ਦੀਆਂ ਟੋਪੀਆਂ ਹੀ ਸਿਰ ਉੱਪਰ ਰਖਕੇ ਸਰਦੀ ਤੋਂ ਬਚਣ ਦਾ ਉਪਰਾਲਾ ਕਰਦੇ ਹਨ । ਜੇਕਰ ਕੁਦਰਤੀ ਤਾਜ (ਪਵਿਤ੍ਰ ਕੇਸਾਂ) ਦਾ ਤਿਆਗ ਨਾ ਕਰਨ ਤਦ ਉਨ੍ਹਾਂ ਨਖਿੱਧ ਪਸ਼ੂਆਂ ਦੀ ਖੱਲ ਨੂੰ ਤਾਂ ਸਿਰ ਪਰ ਨਾ ਚੁਕਣਾ ਪਵੇ ।

ਤਰਕਾ ਨੰਦ–ਤੁਹਾਡੇ ਕਥਨ ਤੋਂ ਇਹ ਸਿਧ ਹੋਇਆ ਕਿ ਦਿਮਾਗ ਨੂੰ ਠੰਢ ਤੋਂ ਬਚਾਉਣ ਲਈ ਕੇਸਾਂ ਦੀ ਭਾਰੀ ਲੋੜ ਹੈ । ਪਰ ਗਰਮੀਆਂ ਵਿਚ ਕੇਸ ਧਾਰਨ ਕਰਨੇ ਤਾਂ ਰਾਹ ਜਾਂਦੇ ਰੋਗਾਂ ਨੂੰ ਆਵਾਜ਼ ਮਾਰਨ ਤੁਲਜ ਹੈ ।

ਵਿਵੇਕਾ ਸਿੰਘ–ਤੁਹਾਡੇ ਪਾਸ ਇਸ ਗੱਲ ਦਾ ਕੀ ਸਬੂਤ ਹੈ ਕਿ ਗਰਮੀਆਂ ਵਿਚ ਕੇਸ ਦਿਮਾਗ ਨੂੰ ਗਰਮੀ ਪਹੁੰਚਾਂਦੇ ਹਨ ?

ਤਰਕਾ ਨੰਦ–ਇਸ ਦਾ ਸਬੂਤ ਮੈਂ ਜੋ ਤੁਹਾਡੇ ਸਾਹਮਣੇ ਖਲੋਤਾ ਕਹਿ ਰਿਹਾ ਹਾਂ।

ਵਿਵੇਕਾ ਸਿੰਘ–ਜੇਕਰ ਆਪ ਨੂੰ ਆਪਣੇ ਸਿਧਾਂਤ

Sri Satguru Jagjit Singh Ji eLibrary NamdhariElibrary@gmail.com

ਪਰ ਭਰੋਸਾ ਹੈ ਤਦ ਆਓ ਘੜੀ ਭਰ ਧੁਪੇ ਬਹਿਕੇ ਵੇਖੀਏ ਕਿ ਕੇਸਾਂ ਵਾਲੇ ਨੂੰ ਧੁਪ ਬੇਹਾਲ ਕਰਦੀ ਹੈ ਯਾ ਖਿਲਕਣੇ ਟਿੰਡ ਸਿਰ ਦੀਆਂ ਚਕਰੀਆਂ ਭਉਂਦੀਆਂ ਹਨ ?

ਤਰਕਾ ਨੰਦ—'ਚੰਗਾ ਆਓ' ਕਹਿਕੇ ਦੋਵੇਂ ਸਜਣ ਧੁਪੇ ਬਹਿ ਗਏ, ਪਰੰਤੂ ਪੰਦਰਾਂ ਮਿੰਟ ਪਿਛੋਂ ਹੀ ਤਰਕਾ ਨੰਦ ਹੋਰੀਂ ਥੋੜੇ ਪਾਣੀ ਦੀ ਮੱਛੀ ਵਾਂਗ ਤੜਫ ਉਠੇ।

ਕਿਉਂਕਿ

ਤਰਕਾ ਨਦ ਕੀ ਖੋਪਰੀ ਭਈ ਧੂਪ ਸੰਗ ਲਾਲ ॥
ਉਕਤ ਯੁਕਤ ਭੂਲੀ ਸਭੈ ਸਾਧੂ ਭਇਓ ਬੇਹਾਲ ॥
ਇਤੇ ਵਿਵੇਕਾ ਸਿੰਘ ਜੀ ਰੰਚ ਨ ਮਾਨਿਓ ਖੇਦ ॥
ਬੈਠੇ ਅਚਲ ਸੁਮੇਰ ਸਮ ਲਗੀ ਸਮਾਧ ਅਭੇਦ ॥
ਪਿਖ ਕੌਤਕ ਅਸਚਰਜ ਇਹ ਭਇਓ ਸਾਧ ਹੈਰਾਨ ॥
ਭਗਿਓ ਸੀਸ ਨਿਜ ਪਗ ਧਰੇਲੈ ਕਰ ਆਪਣੀਜਾਨ ॥
ਪੇਖ ਸਿੰਘ ਜੀ ਹਸ ਕਹਿਓ ਸੁਣੋ ਸੰਤ ਜੀ ਬਾਤ ॥
ਲਖੋ ਕੁਦਰਤੀ ਤਾਜਿ ਇਨ ਕੇਸਨ ਕੀ ਕਰਮਾਤ ॥

ਸੰਤ ਜੀ ਨੂੰ ਨਸੇ ਜਾਂਦੇ ਵੇਖ ਸਿੰਘ ਜੀ ਨੇ ਹਸਕੇ ਕਿਹਾঃ--'ਤੁਸੀਂ ਤੇ ਕਹਿੰਦੇ ਸੀ ਕੇਸ ਦਿਮਾਗ ਨੂੰ ਗਰਮੀ ਪਹੁੰਚਾਂਦੇ ਹਨ, ਪਰ ਨੱਸਣ ਲਗਿਆਂ ਕਿਸੇ ਦੀ ਵਾਤ ਵੀ ਨਹੀਂ ਪੁਛੀ । ਦਸ ਮਿੰਟ ਹੋਰ ਬੈਠਕੇ ਵੇਖੋ ਤੇ ਸਹੀ । ਕਿੰਨੀਆਂ ਵੀਹਾਂ ਦਾ ਸੌ ਹੁੰਦਾ ਹੈ ?'

ਦੋਹਰਾ ॥

ਪਰ ਕੁਝ ਉਤਰ ਨ ਦਿਯੋ ਤਰਕਾ ਨੰਦ ਨਿਲਾਜ ॥
ਚਿੱਪੀ ਔਰ ਕੁਪੀਨ ਤਜਿ, ਗਯੋ ਕੁਟੀ ਦਿਸ਼ ਭਾਗ ॥

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ ਨੂੰ ਕੁਟੀਆ ਵਲ ਨਸਦਿਆਂ ਵੇਖ ਸਿੰਘ ਜੀ ਭੀ ਉਠ ਖਲੋਤੇ ਅਤ ਉਸ ਦੀ ਚਿੱਪੀ ਲੈਕੇ ਹੰਸ ਚਾਲ ਚਲਦੇ ਹੋਏ, ਕੁਟੀਆ ਵਿਚ ਪੁਜੇ। ਤਦ ਸੰਤ ਜੀ ਨੂੰ ਬੇਹੋਸ਼ ਪਏ ਡਿਠਾ। ਪਰਉਪਕਾਰੀ ਵਿਵੇਕਾ ਸਿੰਘ ਹੋਰਾਂ ਤੁਰਤ ਹੀ ਬਰਫ ਲਿਆਂਦੀ ਅਤੇ ਤਰਕਾ ਨੰਦ ਦੇ ਸਿਰ ਪਰ ਰਖਕੇ ਉਨ੍ਹਾਂ ਨੂੰ ਹੋਸ਼ ਵਿਚ ਲਿਆਂਦਾ। ਕੁਝ ਚਿਰ ਵਾਰਤਾਲਾਪ ਕਰਕੇ ਦੂਜੇ ਦਿਨ ਮਿਲਣ ਦਾ ਇਕਰਾਰ ਕਰ ਵਿਵੇਕਾ ਸਿੰਘ ਜੀ ਆਪਣੇ ਅਸਥਾਨ ਪਰ ਆ ਬਿਰਾਜੇ।

ਇਤਿ ਸ੍ਰੀ ਮਾਨ ਪੰਡਤ ਕਰਤਾਰ ਸਿੰਘ ਜੀ ਲਾਸਾਨੀ

ਫਿਲਾਸਫ਼ ਸਿਖਯਤ ਤਾਰਾ ਸਿੰਘ ਵਿਰਚੇਤਨ

ਪੰਚ ਕਕਾਰ ਪੂਰਵਾਰਧ ਸਮਾਪਤੰ॥

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰਪ੍ਰਸਾਦਿ ॥

# ਅਥ ਸ੍ਰੀ ਪੰਚ ਕਕਾਰ
# ਉਤ੍ਰਾਰਧ ਆਰੰਭ

ਸੀਸ ਝੁਕਾ ਉਸ ਤਰਫ ਨੂੰ ਜਿਤ ਵਲ ਗੁਰ ਦਸ਼ਮੇਸ਼।
ਨਮਸਕਾਰ ਇਕ ਵਾਰ ਕਰ ਥੀਏ ਖੁਸ਼ੀ ਹਮੇਸ਼ ॥
ਰੂਪ ਅਕਾਲ ਕ੍ਰਿਪਾਲ ਸੁਤ ਅਕੁਲ ਨਿਰੰਜਨ ਜੋਤ ।
ਜੋ ਅਸ ਰੂਪ ਧਿਆਵਹੀਂ ਤਾ ਕੋ ਵਿਘਨ ਨ ਹੋਤ ॥
ਨੀਲੇ ਕੇ ਅਸਵਾਰ ਕੋ ਛਾਇਓ ਜਾਹਿ ਜਮਾਲ।
ਤਾਂਕੀ ਛਾਂਹਿ ਨਾ ਛ੍ਵੈ ਸਕੇ ਕਬਹੂ ਕਾਲ ਕਰਾਲ ॥
ਤਾਂਤੇ ਆਇਓ ਸ਼ਰਨ ਹੋਂ ! ਤਜ ਕਰ ਆਲ ਜੰਜਾਲ !
ਵਿਘਨ ਹਰੋ ਨਿਜ ਦਾਸ ਕੇ! ਕਲਗੀਧਰ ਕ੍ਰਿਪਾਲ ॥

ਦੂਜੇ ਦਿਨ ਡੇਢ ਪਹਿਰ ਰਾਤ ਰਹਿੰਦੀ ਭਾਈ ਵਿਵੇਕਾ ਸਿੰਘ ਜੀ ਉਠੇ, ਸੋਚ ਇਸ਼ਨਾਨ ਕਰ ਨਿਤ ਨਿਯਮ ਤੋਂ ਵੇਹਲੇ ਹੋਕੇ ਕੋਈ ਪੰਜ ਵਜੇ ਦੇ ਲਗ ਪਗ ਗੰਗਾ ਕਿਨਾਰੇ ਦੀਆਂ ਸੁੰਦਰ ਪੌੜੀਆਂ ਪਰ ਜਾ ਬਿਰਾਜੇ। ਇਸ ਸੁਹਾਵਨੇ ਸਮੇਂ ਦੀ ਅਲੌਕਿਕ ਕੁਦਰਤੀ ਸ਼ੋਭਾ ਅਕਥਨੀ ਸੀ। ਸਾਹਮਣੇ ਨੀਲੇ ਰੰਗ ਦੇ ਸ੍ਵਛ ਜਲ ਦਾ ਪਰਵਾਹ ਚਲ ਰਿਹਾ ਸੀ, ਜਿਸ ਵਿਚ ਤਾਰਿਆਂ ਸਹਿਤ ਅਕਾਸ਼ ਦਾ ਪ੍ਰਤੀ ਬਿੰਦ ਐਉਂ ਪ੍ਰਤੀਤ ਹੁੰਦਾ ਸੀ ਮਾਨੋਂ ਚਾਂਦੀ ਦੇ ਸ੍ਵੇਤ ਥਾਲ ਵਿਚ ਰੰਗਾ ਰੰਗ ਦੇ ਮੋਤੀ ਚੁਣੇ ਹੋਏ ਹਨ। ਚੰਦ੍ਰਮਾਂ ਦੀ ਚਿੱਟੀ ਚਾਨਣੀ, ਸੁਗੰਧ ਭਿੰਨੀ

Sri Satguru Jagjit Singh Ji eLibrary NamdhariElibrary@gmail.com

ਮੰਦ ਵਾਯੂ ਨੇ ਅਸਚਰਜ ਰੰਗ ਬੱਧਾ ਹੋਇਆ ਸੀ, ਜਿਸ ਨੂੰ ਤੱਕ ਕੇ ਸਿੰਘ ਜੀ ਦੀ ਸੁਰਤ ਇਸ ਅਲੌਕਿਕ ਦ੍ਰਿਸ਼ਜ ਦੇ ਰਚਨਹਾਰ ਵਾਹਿਗੁਰੂ ਦੇ ਧਿਆਨ ਵਿਚ ਲੀਨ ਹੋ ਗਈ। ਜਿਸ ਵੇਲੇ ਦਿਨ ਦਾ ਬਾਦਸ਼ਾਹ ਆਪਣੇ ਸੁਨਹਿਰੀ ਤਖਤ ਪਰ ਆ ਬਿਰਾਜਿਆ ਤਦ ਉਸਦੀਆਂ ਤਿੱਖੀਆਂ ਕਿਰਨਾਂ ਰੂਪ ਫੌਜਾਂ ਨੇ ਰਾਤ ਭਰ ਪਲਸੇਟੇ ਮਾਰਨ ਵਾਲੇ ਆਲਸੀਆਂ ਨੂ ਭੀ ਹੋਸ਼ ਵਿਚ ਲੈ ਆਂਦਾ, ਜਿਸ ਕਰਕੇ ਸੂਰਜ ਭਗਵਾਨ ਦੇ ਉਪਾਸ਼ਕਾਂ ਦੇ ਦਲਾਂ ਦ ਦਲ ਗੰਗਾ ਮਾਈ ਵਿਚ ਤਾਰੀਆਂ ਲਾਉਂਦੇ ਨਜ਼ਰ ਆਉਣ ਲਗੇ। ਉਨ੍ਹਾਂ ਦੇ ਮੂੰਹੋਂ ਨਿਕਲ ਰਹੀ "ਓਅੰ ਨਮੋ ਭਗਵਤ ਵਾਸ ਦੇਵਾ" ਦੀ ਗੂੰਜ ਨੇ ਸਿੰਘ ਜੀ ਦੀ ਸਮਾਧੀ ਵਿਚ ਵਿਘਨ ਪਾ ਦਿੱਤਾ ਆਪ ਨੇ ਨੇਤਰ ਖੋਲ੍ਹੇ ਤਦ ਤਰਕਾ ਨੰਦ ਜੀ ਨੂੰ ਆਪਣੇ ਸਾਮ੍ਹਣੇ ਬੈਠੇ ਵੇਖ ਮੁਸਕਰਾ ਕੇ ਕਿਹਾ 'ਤਰਕਾ ਨੰਦ ਜੀ! ਪ੍ਰਸੰਨ ਹੋ! ਸ੍ਵਾਸਥ ਕੈਸਾ ਹੈ।'

ਤਰਕਾ ਨੰਦ—ਸਿੰਘ ਜੀ! ਆਪ ਨੇ ਬੜੀ ਦਇਆ ਕੀਤੀ ਜੋ ਕਲ੍ਹ ਸਮੇਂ ਸਿਰ ਪੁਜ ਕੇ ਮੇਰੀ ਬੇਹੋਸ਼ੀ ਦੂਰ ਕਰਨ ਦਾ ਯਤਨ ਕੀਤਾ। ਕਲ੍ਹ ਤਿਰਕਾਲਾਂ ਵੇਲੇ ਡਾਕਟਰ ਕੋਲ ਵੀ ਗਿਆ ਸਾਂ, ਉਸ ਦੱਸਿਆ ਜੇਕਰ ਸਮੇਂ ਸਿਰ ਤੁਹਾਡੀ ਹਿਫਾਜ਼ਤ ਨਾ ਕੀਤੀ ਜਾਂਦੀ ਤਦ 'ਸੰਨ—*ਸਟਰਾਈਕ' ਹੋ

---

*ਇਹ ਬੀਮਾਰੀ ਖਾਸ ਕਰਕੇ ਅਧਿਕ ਧੁਪ ਲਗ ਜਾਣ ਨਾਲ ਕੇਵਲ ਸਿਰ ਘਸਿਆਂ ਨੂੰ ਹੀ ਹੁੰਦੀ ਹੈ। ਕੇਸ਼ਾ ਧਾਰੀਆਂ ਨੂੰ ਨਹੀਂ।

Sri Satguru Jagjit Singh Ji eLibrary NamdhariElibrary@gmail.com

ਜਾਣਾ ਸੀ, ਜਿਸ ਨਾਲ ਆਪ ਦੀ ਜ਼ਿੰਦਗੀ ਬਚਨੀ ਕਠਨ ਸੀ; ਇਸ ਲਈ ਆਪ ਦਾ ਧੰਨਵਾਦੀ ਹਾਂ ।

ਵਿਵੇਕਾ ਸਿੰਘ–ਸੰਤ ਜੀ ! ਧੰਨਵਾਦ ਦੀ ਕੋਈ ਲੋੜ ਨਹੀਂ ਹੈ, ਮੈਂ ਤਾਂ ਕੇਵਲ ਆਪਣਾ ਫਰਜ਼ ਪੂਰਾ ਕੀਤਾ ਹੈ। ਕਿਉਂਕਿ ਗੁਰੂ ਨਾਨਕ ਪਰਮ ਪਿਤਾ ਨੇ ਦੀਨ ਦੁਖੀ ਦੀ ਸੇਵਾ ਨੂੰ ਸਾਰੇ ਪੁੰਨ ਕਰਮਾਂ ਤੋਂ ਉਚਾ ਦਰਜਾ ਬਖਸ਼ਿਆ ਹੈ। ਭਲਾ ਇਹ ਤਾਂ ਸੁਣਾਓ ਜੋ ਕੇਸਾਂ ਬਾਬਤ ਆਪ ਜੀ ਦਾ ਕੀ ਖਿਆਲ ਹੈ ?

ਤਰਕਾ ਨੰਦ–ਮੈਨੂੰ ਇਹ ਪੱਕਾ ਵਿਸ਼ਵਾਸ਼ ਹੈ ਜੋ ਕੇਸ ਜਿਸ ਤਰ੍ਹਾਂ ਸਰਦੀ ਵਿਚ ਦਿਮਾਗ ਦੀ ਰਖਿਆ ਕਰਦੇ ਹਨ, ਓਸੇ ਤਰ੍ਹਾਂ ਬਾਹਰ ਦੀ ਗਰਮੀ ਤੋਂ ਭੀ ਪੂਰੀ ਤਰ੍ਹਾਂ ਦਿਮਾਗ ਨੂੰ ਬਚਾਉਂਦੇ ਹਨ ।

ਵਿਵੇਕਾ ਸਿੰਘ–ਰਾਖੀ ਹੀ ਨਹੀਂ ਸਗੋਂ ਜਦ ਕਦੇ ਭੀ ਕਿਸੇ ਅੰਦਰੂਨੀ ਤੱਤ ਦੇ ਵਧਨ ਘਟਨ ਨਾਲ ਦਿਮਾਗ ਵਿਚ ਕੋਈ ਰੋਗ ਉਤਪੰਨ ਹੁੰਦਾਹੈ ਤਦ ਇਹੋ ਪਵਿਤ੍ਰ ਕੇਸ ਭਿਆਨਕ ਰੋਗ ਦੇ ਹਾਨੀ ਕਾਰਕ ਪ੍ਰਮਾਣੂਆਂ ਨੂੰ ਬਹੁਤ ਛੇਤੀ ਖਾਰਜ ਕਰ ਦਿੰਦੇ ਹਨ, ਕੇਸਾਂ ਵਿਚ ਕੁਦਰਤ ਨੇ ਇਕ ਅਜੇਹੀ ਤਰਾ-ਵਤ ਦਾ ਮਾਦਾ ਭਰਿਆ ਹੈ ਜਿਸ ਦੀ ਦਿਮਾਗ ਨੂੰ ਡਾਢੀ ਲੋੜ ਹੈ, ਇਹ ਤਾਂ ਆਪ ਨੇ ਭੀ ਵੇਖਿਆ ਹੋਵੇਗਾ ਕਿ ਹਰ ਸਮੇਂ ਟਿੰਡ ਵਰਗਾ ਸਿਰ ਰੱਖਣ ਵਾਲੇ ਲੋਕਾਂ ਨੂੰ ਖੁਸ਼ਕੀ ਬਹੁਤ ਸਤਾਉਂਦੀ ਹੈ, ਇਸ ਕਰਕੇ ਉਨ੍ਹਾਂ ਨੂੰ ਹਰ ਸਮੇਂ ਮੱਖਣ ਆਦਿ ਚਿਕਨੇ ਪਦਾਰਥਾਂ ਦੀ ਮਾਲਸ਼ ਕਰਨੀ ਪੈਂਦੀ ਹੈ।

ਕੇਸ ਰਹਿਤ ਘੋਨ ਮੋਨ ਨੰਗੇ ਸਿਰ ਨੂੰ ਗੰਦੀ ਮੰਦੀ ਹਰ

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਦੀ ਵਾਯੂ ਸਪਰਸ਼ ਕਰਦੀ ਰਹਿਣ ਕਰਕੇ ਸਿਰ ਦੇ ਮੁਸਾਮ ਬੰਦ ਰਹਿੰਦੇ ਹਨ, ਜਿਸ ਕਰਕੇ ਕਈ ਪਰਕਾਰ ਦੇ ਭਯਾਨਕ ਦਿਮਾਗੀ ਰੋਗ ਹੋ ਜਾਣ ਦਾ ਖਤਰਾ ਹੈ, ਭਲਾ ਆਪ ਹੀ ਤਾਂ ਦਸੋ ਕਿ ਨੱਕ ਦੇ ਅੰਦਰ, ਬਗਲਾਂ, ਭਰਵੱਟੇ ਆਦਿ ਜਿਸਮ ਪਰ ਪੈਦਾ ਹੋਣ ਵਾਲੇ ਦੂਸਰੇ ਰੋਮਾਂ ਪਰ ਆਪ ਉਸਤਰਾ ਕਿਉਂ ਨਹੀਂ ਫਿਰਾਉਂਦੇ, ਕੀ ਉਨ੍ਹਾਂ ਤੋਂ ਆਪ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ ?

ਤਰਕਾ ਨੰਦ–ਸਿੰਘ ਜੀ! ਨੱਕ, ਭਰਵਟੇ ਅਤੇ ਬਗਲਾਂ ਦੇ ਰੋਮ ਤਾਂ ਬਹੁਤ ਲੋੜੀਦੀਆਂ ਚੀਜ਼ਾਂਹਨ,ਕਿਉਂਕਿ ਜੇਕਰਭਰ-ਵੱਟੇ ਮੁਨਵਾ ਦਿਤੇ ਜਾਨ ਤਾਂ ਮਸਤਕ ਦਾ ਸਾਰਾ ਪਸੀਨਾਂ ਚੋਕੇ ਅੱਖਾਂ ਵਿਚ ਪੈਣ ਨਾਲ ਪੁਰਸ਼ ਨੂੰ ਕਈ ਤਰ੍ਹਾਂ ਦੇ ਨੇਤਰ ਰੋਗ ਹੋ ਜਾਣ ਅਤੇ ਨੱਕ ਵਿਚਲੇ ਰੋਮ ਕਢਵਾਇਆਂ ਜ਼ਹਿਰੀਲੀ ਅਸ਼ੁਧ ਵਾਯੂ ਅੰਦਰ ਜਾਕੇ ਫਿਫੜਿਆਂ ਨੂੰ ਖਰਾਬ ਕਰ ਦੇਵੇ। ਏਸੇ ਤਰ੍ਹਾਂ ਬਗਲਾਂ ਦੇ ਰੋਮ ਕਟਾਉਣ ਨਾਲ ਮੋਟੇ ਅਤੇ ਸਖਤ ਹੋਕੇ ਚੁਭਦੇ ਰਹਿਣ ਅਤੇ ਰੋਮਾਂ ਦੇ ਅਭਾਵ ਕਰਕੇ ਬਗਲਾਂ ਨੂੰ ਮੁੜਕਾ ਨ ਆਉਣ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਜਾਣ ਦਾ ਭੈ ਹੈ ਅਤੇ ਸਰੀਰ ਦੇ ਬਾਕੀ ਰੋਮਾਂ ਪਰ ਉਸਤਰਾ ਫਿਰਾਇਆਂ ਸਰੀਰ ਦੀ ਸ਼ੋਭਾ ਹੀ ਨਸ਼ਟ ਹੋ ਜਾਏ । ਆਮ ਪ੍ਰਸਿਧ ਕਹਾਵਤ ਹੈ ਕਿ ਜਿਸ ਦੀ ਛਾਤੀ ਤੇ ਰੋਮ ਨਹੀਂ ਹੁੰਦੇ ਉਸ ਦੀ ਗੱਲ ਦਾ ਕੋਈ ਭਰੋਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹੇ ਪੁਰਸ਼ ਦੇ ਵਿਚਾਰ ਹਮੇਸ਼ਾਂ ਬਦਲਦੇ ਰਹਿੰਦੇ ਹਨ।

ਵਿਵੇਕਾ ਸਿੰਘ-ਹੁਣ ਆਪ ਹੀ ਵਿਚਾਰ ਕਰੋ ਕਿ ਜਦ

Sri Satguru Jagjit Singh Ji eLibrary NamdhariElibrary@gmail.com

ਨੱਕ, ਭਰਵੱਟੇ, ਬਗਲਾਂ ਆਦਿ ਜਿਸਮ ਦੇ ਹੋਰ ਅੰਗਾਂ ਪਰ ਰੋਮ ਕੁਦਰਤ ਨੇ ਮਨੁਖ ਦੇ ਭਲੇ ਲਈ ਬਣਾਏ ਹਨ ਤਦ ਇਹ ਕਦੋਂ ਹੋ ਸਕਦਾ ਹੈ ਕਿ ਸਿਰ ਅਤੇ ਦਾੜ੍ਹੇ ਦੇ ਰੋਮਾਂ ਨੂੰ ਉਤ-ਪਤ ਕਰਨ ਲਗਿਆਂ ਕੁਦਰਤ ਨੇ ਕੋਈ ਭੁਲ ਕੀਤੀ ਹੋਵੇ ? ਕਿਉਂਕਿ ਸਾਰੇ ਬ੍ਰਹਿਮੰਡ ਵਿਚ ਕੇਵਲ ਦੋ ਹੀ ਤਾਕਤਾਂ ਹਨ,—ਜਿਨ੍ਹਾਂ ਨੂੰ ਅਭੁਲ ਕਿਹਾ ਜਾ ਸਕਦਾ ਹੈ ਅਤੇ ਓਹ ਹਨ "ਅਭੁਲ ਗੁਰੂ ਕਰਤਾਰ।" ਸੋ ਮਨੁਖ ਸਰੀਰ ਦੀ ਰਚਨਾ ਕਰ-ਤਾਰ ਦੀ ਇਛਾ ਅਨੁਸਾਰ ਹੋਈ ਹੈ। ਏਸੇ ਕਰਕੇ ਉਸ ਨਿਰੰ-ਜਨੀ ਜੋਤ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਈਸ਼ਵਰ ਇਛਾ ਨਾਲ ਬਣੇ ਹੋਏ ਮਨੁਖਾ ਸਰੀਰ ਪਰ ਕੁਦਰਤੀ ਰਚਨਾਂ ਵਰੁਧ ਮਨ ਮੰਨਿਆ ਬਨਾਵਟੀ ਚਿੰਨ੍ਹ ਬਨਾਉਣ ਯਾ ਸਰੀਰ ਦੇ ਕਿਸੇ ਅੰਗ ਨੂੰ ਤੋੜਨ ਫੋੜਨ ਦੀ ਆਗਿਆ ਨਹੀਂ ਦਿਤੀ, ਕਿਉਂਕਿ ਕੁਦਰਤ ਨੇ ਸਰੀਰ ਦਾ ਕੋਈ ਹਿਸਾ ਬੇਲੋੜਵਾਂ ਨਹੀਂ ਰਚਿਆ।

ਤਰਕਾ ਨੰਦ—ਫਿਰ ਲੋਕੀਂ ਕੇਸ ਕਟਾਉਣ ਦੀ ਭੁਲ ਕਿਉਂ ਕਰਦੇ ਹਨ ?

ਵਿਵੇਕਾ ਸਿੰਘ—ਲੋਕਾਂ ਦਾ ਭੁਲਣਾ ਸੰਭਵ ਹੈ ਕਿਉਂਕਿ ਭੁਲ ਹੀ ਮਨੁਖ ਦੀ ਅਜਿਹੀ ਕਮਜ਼ੋਰੀ ਹੈ, ਜਿਸ ਨੇ ਮਨੁਖ ਦਾ ਸਤਿਆਨਾਸ ਕਰ ਛਡਿਆ ਹੈ। ਇਸੇ ਭੁਲ ਦੇ ਪ੍ਰਭਾਵ ਨਾਲ ਹੀ ਸ਼ੁਧ,ਚੇਤਨ,ਨਿਰਵਿਕਾਰ ਅਕਰਿਜ ਆਤਮਾ ਚੁਰਾਸੀ ਦੇ ਗੇੜ ਵਿਚ ਪਿਆ ਦੁਖ ਸੁਖ ਭੋਗ ਰਿਹਾ ਹੈ। ਅਜੇ ਬਹੁਤਾ ਚਿਰ ਨਹੀਂ ਹੋਇਆ ਕਿ ਲੋਕੀਂ ਇਕ ਦੂਜੇ ਦੀ ਵੇਖਾ ਵੇਖੀ ਨੱਕ ਦੇ ਰੋਮ ਪੁਟਵਾਉਣ ਲਗ ਪਏ ਸਨ, ਜਦੋਂ ਡਾਕਟਰਾਂ ਨੇ

Sri Satguru Jagjit Singh Ji eLibrary NamdhariElibrary@gmail.com

ਰਮਾਂ ਦਾ ਕਢਵਾਉਣਾ ਹਾਨੀਕਾਰਕ ਦਸਿਆ ਅਤੇ ਲੋਕਾਂ ਨੂੰ ਭੀ ਇਸ ਦਾ ਥੋੜਾ ਤਜਰਬਾ ਹੋਇਆ ਤਦ ਸਮਝਦਾਰ ਪੁਰਸ਼ ਇਹ ਭੇੜਾ ਕਰਮ ਛਡ ਬੈਠੇ।

ਤਰਕਾ ਨੰਦ—ਜੇਕਰ ਕੇਸ ਭੀ ਸਚ ਮੁਚ ਅਤਯੰਤ ਲਾਭਦਾਇਕ ਹਨ ਤਦ ਗੁਰ ਸਿਖਾਂ ਨੂੰ ਛਡਕੇ ਬਾਕੀ ਦੁਨੀਆਂ ਕਿਉਂ ਕਟਾਈ ਜਾ ਰਹੀ ਹੈ ?

ਵਿਵੇਕਾ ਸਿੰਘ—ਇਸ ਦੇ ਦੋ ਕਾਰਨ ਹਨ, ਇਕ ਤਾਂ ਇਹ ਕਿ ਇਸ ਵੇਲੇ ਆਮ ਲੋਕ ਪੱਛਮੀ ਫੈਸ਼ਨ ਦੇ ਨਕਲੀਏ ਬਣਕੇ ਧਰਮ ਤੱਤ੍ਵ ਨੂੰ ਭੁਲਾ ਚੁਕੇ ਹਨ। ਦੂਜੇ ਸਿਖ ਧਰਮ ਦੇ ਪਰਚਾਰਕਾਂ ਵਿਚ ਅਜੇ ਇਤਨੀ ਯੋਗਤਾ ਨਹੀਂ ਆਈ ਕਿ ਓਹ ਕਾਨੂਨ ਕੁਦਰਤ ਦੇ ਅਸੂਲਾਂ ਅਨੁਸਾਰ ਕਾਇਮ ਕੀਤੇ ਗਏ ਸਰਵੋਪਰੀ ਗੁਰ ਸਿਧਾਂਤ ਦਾ, ਸਾਰੀ ਦੁਨੀਆਂ ਵਿਚ ਪਰਚਾਰ ਕਰ ਸਕਣ।

ਤਰਕਾ ਨੰਦ—ਮੈਂ ਇਹ ਮੰਨਦਾਂ ਹਾਂ ਕਿ ਸਿਖਾਂ ਵਿਚ ਅਜੇ ਐਸੇ ਪਰਚਾਰਕ ਪੈਦਾ ਨਹੀਂ ਹੋਏ ਜੋ ਦੁਨੀਆਂ ਦੀ ਹਰ ਇਕ ਭਾਸ਼ਾ ਤੋਂ ਜਾਣੂ ਹੋਕੇ, ਹਰ ਇਕ ਨੂੰ ਸਿੱਖ ਅਸੂਲਾਂ ਦੀ ਵਿਸ਼ੇਸ਼ਤਾ ਦੱਸਣ । ਪਰ ਘਟ ਤੋਂ ਘਟ ਪੰਜਾਬ ਹਿੰਦੁਸਤਾਨ ਦੇ ਉਹ ਲੋਕ ਕਿ ਜਿਨ੍ਹਾਂ ਨੂੰ ਗੁਰਬਾਣੀ ਸ਼ੁਣਨ ਅਤੇ ਸਮਝਣ ਦਾ ਸਮਾਂ ਮਿਲਦਾ ਹੈ, ਓਹ ਤਾਂ ਕੇਸਾ ਧਾਰੀ ਹੋਕੇ ਤਿਆਰ ਬਰ ਤਿਆਰ ਹੋ ਜਾਣ।

ਵਿਵੇਕਾ ਸਿੰਗ—ਕੀ ਆਪ ਸਚ ਬੋਲਣ, ਦੀਨ ਦੁਖੀ ਦੀ ਯਥਾ ਸ਼ਕਤ ਸਹਾਇਤਾ, ਪਰਉਪਕਾਰ ਆਦਕਾਂ ਨੂੰ ਅੱਛਾ ਸਮਝਦੇ ਹੋ?

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ—ਅਜਿਹਾ ਕੌਣ ਮੂਰਖ ਹੈ ਜੋ ਦੈਵੀ ਸੰਪਤੀ ਦੇ ਸ਼ੁਭ ਗੁਣਾਂ ਨੂੰ ਬੁਰਾ ਆਖੇ ?

ਵਿਵੇਕਾ ਸਿੰਘ-ਆਪ ਦੱਸ ਸਕਦੇ ਹੋ ਜੋ ਨੇਕ ਪਰ-ਉਪਕਾਰੀ ਬੰਦੇ ਫੀ ਸੈਂਕੜਾ ਕਿੰਨੇ ਕੁ ਹੁੰਦੇ ਹਨ ?

ਤਰਕਾ ਨੰਦ-ਸਿੰਘ ਜੀ ! ਇਸ ਘੋਰ ਕਲਜੁਗ ਦੇ ਸਮੇਂ ਸੈਂਕੜਿਆਂ ਪਿਛੇ ਤਾਂ ਕੀ ਹਜ਼ਾਰਾਂ ਲਖਾਂ ਵਿਚੋਂ ਕੋਈ ਅਜਿਹਾ ਧਰਮਾਤਮਾ ਹੋਵੇਗਾ ਜਿਸ ਨੂੰ ਸਚਾ ਅਤੇ ਨੇਕ ਕਹਿਆ ਜਾ ਸਕੇ।

ਵਿਵੇਕਾ ਸਿੰਘ-ਕਿਉਂ ਅਜਿਹਾ ਕਿਉਂ ਹੈ ? ਕੀ ਲੋਕਾਂ ਨੂੰ ਪਤਾ ਨਹੀਂ ਕਿ ਨੇਕ ਬਣਨਾ ਅੱਛਾ ਹੁੰਦਾ ਹੈ ?

ਤਰਕਾ ਨੰਦ—ਇਉਂ ਤਾਂ ਹਰ ਇਕ ਜਾਣਦਾ ਹੈ ਕਿ ਸ਼ੁਭ ਗੁਣ ਧਾਰਨ ਕਰਨੇ ਵਡਿਆਈ ਦਾ ਕਾਰਣ ਹਨ, ਪਰ ਕਲਜੁਗ ਦੇ ਪ੍ਰਭਾਵ ਕਰਕੇ ਲੋਕੀ ਖੋਟੇ ਸੰਸਕਾਰਾਂ ਵਲ ਛੇਤੀ ਝੁਕ ਜਾਂਦੇ ਹਨ ਇਹੋ ਕਾਰਨ ਹੈ ਕਿ ਨੇਕੀ ਵਲ ਬਹੁਤ ਥੋੜੇ ਪੁਰਸ਼ਾਂ ਦੀ ਰੁਚੀ ਹੁੰਦੀ ਹੈ। ਮਨੁਖ ਸ੍ਰੇਣੀ ਦੀ ਬਹੁ ਗਿਨਤੀ ਵਿਸ਼ੇ ਵਿਕਾਰ ਵਿਚ ਪਰਵਿਰਤ ਹੋਣ ਕਰਕੇ ਸਤ, ਅਸੱਤ ਨੂੰ ਪਹਿਚਾਨਣ ਵਾਲੀ ਬੁਧੀ ਹੀ ਗੁਆ ਚੁਕੀ ਹੈ; ਜਿਸ ਕਰਕੇ ਉਨ੍ਹਾਂ ਨੂੰ ਭਲੇ ਬੁਰੇ ਦੀ ਪਹਿਚਾਨ ਹੀ ਨਹੀਂ ਰਹੀ।

ਵਿਵੇਕਾ ਸਿੰਘ—ਬਸ ਇਹੋ ਕਾਰਣ ਹੈ ਕਿ ਭਾਵੇਂ ਸਭ ਜਾਨਦੇ ਹਨ, ਜੋ ਕੇਸ ਅਤਿਯੰਤ ਲਾਭਦਾਇਕ ਅਤੇ ਸਰੀਰ ਦਾ ਇਖ ਲੋੜੀਦਾ ਅੰਗ ਹਨ, ਪ੍ਰੰਤੂ ਚੰਚਲ ਮਨ ਦੇ ਅਧੀਨ ਹੋਇ ਹੋਏ ਲੋਕੀਂ ਮੁੰਡਨ ਦੇ ਭੈੜੇ ਰਵਾਜ ਵਿਚ ਇਤਨੇ ਪ੍ਰਵਿਰਤ ਹੋ ਚੁਕੇ ਹਨ ਕਿ ਉਨ੍ਹਾਂ ਨੂੰ ਇਸ ਅਸਾਧ

Sri Satguru Jagjit Singh Ji eLibrary NamdhariElibrary@gmail.com

ਰੋਗ ਤੋਂ ਛੁਟਕਾਰਾ ਮਿਲਨਾ ਅਸੰਭਵ ਪ੍ਰਤੀਤ ਹੋ ਰਿਹਾ ਹੈ। ਏਸੇ ਕਰਕੇ ਉਹ ਲੋਕ ਗੁਰੂ ਨਾਨਕ ਜੀ ਦੇ ਹੁਕਮ ਸੁਣਦਿਆਂ ਬੀ **"ਮਾਇਆਧਾਰੀ ਅਤਿ ਅੰਨ੍ਹਾ ਬੋਲਾ"** ਦੇ ਮਹਾਂ ਵਾਕ ਅਨੁਸਾਰ ਬੋਲੇ ਹੋ ਰਹੇ ਹਨ, ਅਤੇ ਨੇਤ੍ਰ ਹੁੰਦਿਆਂ ਬੀ ਸਿੱਧਾ ਰਸਤਾ ਨਾ ਵੇਖ ਸਕਣ ਦੇ ਕਾਰਨ, ਪਾਪ ਕਰਮ ਰੂਪੀ ਟੋਇਆਂ ਵਿਚ ਡਿੱਗ ਕੇ ਹਡ ਗੋਡੇ ਤੁੜਵਾ ਰਹੇ ਹਨ।

ਤਤਕਾ ਨੰਦ—ਜੇ ਕਰ ਇਹ ਮੰਨ ਵੀ ਲਈਏ ਕਿ ਅਜ ਕੱਲ ਦੇ ਲੋਕੀਂ ਕਲਿਜੁਗ ਦੇ ਪ੍ਰਭਾਵ ਨਾਲ ਭਲੇ ਬੁਰੇ ਦਾ ਵਿਚਾਰ ਨਹੀਂ ਕਰਦੇ, ਪ੍ਰੰਤੂ ਮੁੰਡਨ ਦੀ ਰਸਮ ਤਾਂ ਸਤਿਜੁਗ ਦੇ ਸਮੇਂ ਤੋਂ ਪਰਚਲਤ ਪਰਤੀਤ ਹੁੰਦੀ ਹੈ, ਫੇਰ ਇਹ ਕਿਸ ਤਰ੍ਹਾਂ ਮੰਨਿਆ ਜਾਵੇ ਕਿ ਮੁੰਡਨ ਦੀ ਰਸਮ ਕਲਿਜੁਗ ਦੇ ਪ੍ਰਭਾਵ ਨਾਲ ਪ੍ਰਚਲਤ ਹੋਈ ਹੈ।

ਵਿਵੇਕਾ ਸਿੰਘ—ਇਹ ਕੇਵਲ ਆਪ ਦੀ ਭੁਲ ਹੈ ਜੋ ਮੁੰਡਨ ਨੂੰ ਸਤਿਜੁਗ ਤੋਂ ਪ੍ਰਚਲਤ ਕਹਿ ਰਹੇ ਹੋ। ਕਿਉਂਕਿ ਇਤਿਹਾਸ ਦੇ ਪੰਨੇ ਫੋਲਿਆਂ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ, ਜੋ ਕ੍ਰਿਸ਼ਨ ਜੀ ਦੇ ਸਮੇਂ ਦੁਆਪਰ ਪ੍ਰਯੰਤ ਤੱਕ ਮੁੰਡਨ ਦੀ ਕਿਰਿਆ ਨਖਿੱਧ ਸਮਝੀ ਜਾਂਦੀ ਹੈ ਅਤੇ ਇਹ ਭੈੜੀ ਰਸਮ ਉਸ ਵੇਲੇ ਭਾਰਤ ਵਿਚ ਪ੍ਰਚਲਤ ਹੋਈ ਹੈ, ਜਿਸ ਸਮੇਂ ਇਸ ਪਵਿੱਤਰ ਭੂਮੀ ਦੇ ਮਹਾਨ ਜੋਧੇ ਮਹਾਂ ਭਾਰਤ ਦੇ ਜੁਧ ਵਿਚ ਸਦਾ ਦੀ ਨੀਂਦਰੇ ਸੌਂ ਗਏ। ਇਸ ਭਿਆਨਕ ਘਟਨਾ ਪਿਛੋਂ ਬਚੇ ਹੋਏ ਬੁਧੂ ਲਾਣੇ ਨੂੰ ਪਛਮੀ ਲੋਕਾਂ ਨੇ ਆਪਣੇ ਅਧੀਨ ਕਰਕੇ, ਸੁਤੰਤਰਤਾ ਅਤੇ ਬਜ਼ੁਰਗੀ ਦੀ

Sri Satguru Jagjit Singh Ji eLibrary NamdhariElibrary@gmail.com

ਨਿਸ਼ਾਂਨੀ ਕੇਸ ਦਾਹੜੇ ਜਬਰਨ ਕਤਲ ਕਰਕੇ, ਹਿੰਦੀਆਂ ਨੂੰ ਪਕੇ ਗੁਲਾਮ ਬਣਾ ਦਿਤਾ ਅਤੇ ਸਦਾ ਲਈ ਮੁੰਡਤ ਰਹਿਣ ਦਾ ਹੁਕਮ ਦੇ ਦਿੱਤਾ; ਕਿਉਂਕਿ ਯਵਨ ਹਾਕਮ ਇਤਨੇ ਈਰਖੀ ਸਨ ਕਿ ਹਿੰਦੂਆਂ ਦਾ ਧਨ, ਬਲ ਨਾਸ ਕਰਕੇ ਇਨ੍ਹਾਂ ਦੀਆਂ ਕੇਸ ਦਾਹੜੇ ਸਹਿਤ ਰਿਸ਼ੀਆਂ ਅਤੇ ਬਹਦਤਾਂ ਵਾਲੀਆਂ ਸ਼ਕਲਾਂ ਵਿਗਾੜਨ ਲਈ ਹੱਥ ਧੋਕੇ ਪਿਛੇ ਪੈ ਗਏ ਸਨ, ਸੋ ਉਸ ਵੇਲੇ ਤਾਂ ਭਾਰਤੀ ਲੋਕ ਡੰਡੇ ਦੇ ਜ਼ੋਰ ਸਿਰਮੂੰਹ ਮੁੰਨਾਉਂਦੇ ਰਹੇ, ਪਰ ਕੁਝ ਸਮੇਂ ਬਾਦ ਇਹ ਭੈੜੀ ਰਸਮ ਹਿੰਦੀਆਂ ਦੇ ਹਡੀਂ ਰਚਕੇ ਸਦਾ ਦੀ ਸਾਥਣ ਬਣ ਗਈ ਕਿਉਂਕਿ ਜਿਤਨਾਂ ਚਿਰ ਪੁਰਸ਼ ਕਿਸੇ ਖੋਟੀ ਕ੍ਰਿਆ ਤੋਂ ਸੰਕੋਚ ਕਰਕੇ ਪਿਛੇ ਹਟਿਆ ਰਹੇ ਤਦ ਤਕ ਤਾਂ ਉਸ ਦੁਰਾਚਾਰ ਤੋਂ ਬਚਿਆ ਰਹਿੰਦਾ ਹੈ, ਪਰੰਤੂ ਇਕ ਦੋ ਵਾਰ ਕਿਸੇ ਖੋਟੇ ਕੰਮ ਵਿਚ ਪਰਵਿਰਤ ਹੋਣ ਨਾਲ ਓਹੀ ਘਿਰਣਾ ਯੋਗ ਔਗੁਣ ਉਸ ਦੇ ਸੁਭਾਵ ਦਾ ਅੰਗ ਬਣ ਜਾਂਦਾ ਹੈ ਜਿਹਾ ਕੁ ਅਫੀਮੀ, ਪੋਸਤੀ ਤੇ ਸ਼ਰਾਬੀ ਇਨ੍ਹਾਂ ਔਗੁਣਾਂ ਨੂੰ ਆਪਣੀ ਜ਼ਬਾਨੀ ਬੁਰਾ ਕਹਿੰਦੇ ਹੋਏ ਭੀ ਉਨ੍ਹਾਂ ਦਾ ਤਿਆਗ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੀ ਇਹ ਹਾਲਤ ਤਦੋਂ ਤੀਕ ਉਸੇ ਤਰ੍ਹਾਂ ਰਹਿੰਦੀ ਹੈ ਜਦ ਤਕ ਸ਼ੁਭ ਗੁਣੀ ਮਹਾਂ ਪੁਰਸ਼ਾਂ ਦੀ ਸ਼ੁਭ ਸੰਗਤ ਦੁਆਰਾ, ਮਨ ਨੂੰ ਕੋਈ ਕਰੜੀ ਚੋਟ ਨਾ ਲਗੇ।

ਤਰਕਾ ਨਦ—ਸਿੰਘ ਜੀ ! ਮੁੰਡਨ ਦਾ ਸਤਿਜੁਗ ਤੋਂ ਚਲਤ ਹੋਣਾ ਮੇਰੀ ਕਲਪਣਾ ਨਹੀਂ ਸਗੋਂ ਵਡੇ ਵਡੇ ਵਿਦਵਾਨਾਂ ਨੇ ਮੁੰਡਨ ਦੀ ਪੁਸ਼ਟੀ ਵਿਚ ਵੇਦਾਂ ਦੇ ਕਈ ਪ੍ਰਮਾਣ

Sri Satguru Jagjit Singh Ji eLibrary NamdhariElibrary@gmail.com

ਦਿਤੇ ਹਨ, ਜਿਹਾ ਕੁ ਆਰਯਾ ਸੰਪਰਦਾਏ ਦੇ ਚਲਾਉਣ ਵਾਲੇ ਸ੍ਵਾਮੀ ਦਯਾਨੰਦ ਨੇ ਸੰਸਕਾਰ ਵਿਧੀ ਵਿਚ ਲਿਖਿਆ ਹੈ:–

ਓਅੰ ਯੇ ਨ ਵਪਤਸ ਸਵਿਤਾ ਸ਼ੁਰੇਨ ਸੋਮਸਯਾ ਰਾਜਿਓ ਵਰਣੱਸਿਯ ਵਿਦ੍ਵਾਨ ਤੇ ਨ ਬ੍ਰਹਮਣੋ ਵਪਿਤੇ ਦੱਮਸਯਗੋ ਮਾਨ-ਸ਼੍ਵਾਨ ਅਸਟੂ ਪ੍ਰਜਾਵਨ ॥ (ਸੰਸਕਾਰ ਵਿਧੀ)

ਅਰਥਾਤ ਜਿਸ ਛੁਰੇ (ਉਸਤਰੇ) ਨਾਲ ਸਵਿਤਾ ਦੇਵਤਾ ਨੇ ਵਰਣ ਅਤੇ ਸੋਮ ਰਾਜਾ ਦਾ ਸਿਰ ਮੁੰਨਿਆ ਹੈ, ਓਸੇ ਛੁਰੇ ਨਾਲ ਇਸ ਬ੍ਰਹਮਚਾਰੀ ਦੇ ਕੇਸਾਂ ਨੂੰ ਕੱਟਕੇ ਲੌਕਿਕ ਮਰ-ਯਾਦਾ ਪੂਰਨ ਕੀਤੀ ਜਾਂਦੀ ਹੈ।

ਵਿਵੇਕਾ ਸਿੰਘ–ਤਰਕਾ ਨੰਦ ਜੀ ! ਦਯਾ ਨੰਦ ਦਾ ਕੀਤਾ ਹੋਇਆ ਵੇਦਾਂ ਦਾ ਟੀਕਾ ਵਿਦਵਾਨਾਂ ਦੇ ਮੰਨਣ ਯੋਗ ਨਹੀਂ। ਜਿਸ ਦਾ ਕਾਰਨ ਇਹ ਹੈ ਕਿ ਉਸ ਨੇ ਵੇਦ ਮੰਤ੍ਰਾਂ ਦੇ ਮਨ ਮੰਨੇ ਅਰਥ ਕਰਕੇ, ਵੇਦਾਂ ਵਿਚੋਂ ਓਹ ਗੱਲਾਂ ਸਿਧ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਦਾ ਵੇਦਾਂ ਦੇ ਕਰਤਾ ਅਗਨੀ,ਆਦਿਤ,ਵਾਯੂ ਆਦਿ ਮਹਾਂ ਰਿਸ਼ੀਆਂ ਨੂੰ ਸੁਪਨ ਭੀ ਨਹੀਂ ਆਇਆ। ਜਿਹਾ ਕੁ ਨਿਯੋਗ ਆਦਿ ਮਹਾਂ ਨਿੰਦਤ ਕਰਮ ਅਤੇ ਰੇਲ,ਤਾਰ,ਹਵਾਈ ਜਹਾਜ਼ ਭੀ ਵੇਦਾਂ ਦੀਆਂ ਰਿਚਾਂ ਵਿਚ ਕਢ ਮਾਰੇ,ਪਰੰਤੂ ਹੈਰਾਨੀ ਹੈ ਕਿ ਵੇਦਿਕ ਪਾਠਸ਼ਾਲਾ ਗੁਰੂ ਕੁਲ ਵਿਚੋਂ,ਵੇਦ ਮੰਤ੍ਰ ਘੋਟਨ ਵਾਲੇ ਬ੍ਰਹਮਚਾਰੀਆਂ ਵਿਚੋਂ ਹੁਣ ਤੀਕ ਮਕੈਨੀਕਲ ਇੰਜੀਨੀਅਰ ਇਕ ਭੀ ਨਹੀਂ ਨਿਕ-ਲਿਆ ਜੋ ਹਵਾਈ ਜਹਾਜ਼ ਤਾਂ ਕਿਤੇ ਰਿਹਾ ਜ਼ਮੀਨੀ, ਜਹਾਜ਼ ਅਰਥਾਤ ਨਵੀਂ ਕਿਸਮ ਦਾ ਗੱਡਾ ਬਣਾਕੇ ਹੀ ਦਇਆ ਨੰਦ ਦੇ ਵੇਦ ਭਾਸ਼ ਨੂੰ ਸਚਾ ਸਿੱਧ ਕਰ ਦੇਵੇ । ਏਸੇ ਤਰ੍ਹਾਂ ਇਕ

Sri Satguru Jagjit Singh Ji eLibrary NamdhariElibrary@gmail.com

ਅਕਾਲ ਦੀ ਉਪਾਸ਼ਨਾਂ ਰੂਪ ਮਹਾਨ ਉਚ ਗੁਰਮਤਿ ਸਿਧਾਂਤ ਦੀ ਵੇਖਾ ਵੇਖੀ ਮੂਰਤੀ ਪੂਜਾ ਦਾ ਖੰਡਨ,ਦੇਵਤਾ ਆਦਿਕਾਂ ਦੀ ਅਨੇਕੋ ਉਪਾਸ਼ਨਾਂ ਦੇ ਪ੍ਰਚਾਰਕ ਵੇਦਾਂ ਦੇ ਹੀ ਮਥੇ ਮੜ੍ਹ ਦਿਤਾ ਹੈ, ਜਿਸ ਨੂੰ ਸੱਚ ਸਮਝਕੇ ਦਯਾ ਨੰਦ ਦੇ ਸ਼ਰਧਾਲੂ ਵੇਦਾਂ ਵਿਚੋਂ ਮੂਰਤੀ ਪੂਜਾ ਦਾ ਖੰਡਨ ਸਿੱਧ ਕਰਨ ਲਈ ਸਨਾਤਨੀ ਪੰਡਤਾਂ ਨਾਲ ਮੱਥਾ ਲਾ ਬੈਠਦੇ ਹਨ, ਪਰ ਸਾਨੂੰ ਇਹ ਵੇਖਕੇ ਬੜਾ ਤਰਸ ਆਉਂਦਾ ਹੈ ਕਿ ਜਿਥੇ ਜਿਥੇ ਭੀ ਅਜਿਹੇ ਸ਼ਾਸ-ਤ੍ਰਾਰਥ ਹੋਏ ਹਨ, ਵਿਚਾਰੇ ਦਇਆ ਨੰਦੀਆਂ ਦੇ ਹਿਸੇ ਹਾਰ ਦਾ ਹਾਰ ਹੀ ਆਇਆ।

ਸੋ ਏਹੋ ਜਿਹਾ ਹੀ ਨਿਰਮੂਲ ਪ੍ਰਮਾਣ ਮੁੰਡਨ ਦੀ ਪੁਸ਼ਟੀ ਵਿਚ ਲਿਖਿਆ ਹੋਇਆ ਪ੍ਰਤੀਤ ਹੁੰਦਾ ਹੈ, ਕਿਉਂਕਿ ਪੁਰਾਤਨ ਮਹਾਂ ਰਿਸ਼ੀਆਂ ਦੇ ਸਿਧਾਂਤ ਅਨੁਸਾਰ ਤਿੰਨਾਂ ਹੀ ਵੇਦਾਂ ਵਿਚੋਂ ਦਇਆ ਨੰਦ ਨੂੰ ਮੁੰਡਨ ਦੀ ਪੁਸ਼ਟੀ ਵਿਚ ਕੋਈ ਪ੍ਰਮਾਣ ਨਹੀਂ ਮਿਲਿਆ ਏਸੇ ਕਰਕੇ ਉਨ੍ਹਾਂ ਨੇ ਅਥਰਵ ਵੇਦ ਭੀ ਵਿਚੇ ਮਿਲਾਕੇ ਚਾਰ ਵੇਦ ਈਸ਼ੂਰ ਕ੍ਰਿਤ ਸਿੱਧ ਕਰਨ ਦੀ ਕਲਪਨਾਂ ਘੜ ਮਾਰੀ ਜੋ ਅਯੁਕਤ ਪ੍ਰਤੀਤ ਹੁੰਦਾ ਹੈ, ਕਿਉਂਕਿ ਪੁਰਾਤਨ ਸ਼ਾਂਸ਼ਤ੍ਰਾਂ ਦੇ ਪ੍ਰਮਾਣ ਚੋਹਾਂ ਵੇਦਾਂ ਨੂੰ ਈਸ਼ਰ ਕ੍ਰਿਤ ਨਹੀ ਮੰਨਦੇ। ਜਿਹਾ ਕੁ:-

ਅਗਨੀ,ਵਾਯੋਰ,ਵਿਬਜਸਤੂ ਤ੍ਰਿਜੰ ਬ੍ਰਹਮ ਸਨਾਤਨਮ।
ਦੁਦੋਹ ਯੱਗਿਜਸਿਧਾਰਥੰ ਰਿਗਯ ਜੁ ਸਾਮਲ ਕਸ਼ਣਮ॥

ਅਰਥਾਤ ਬ੍ਰਹਮਾ ਜੀ ਯਗੋਂ ਦੀ ਸਿਧੀ ਕੇ ਵਾਸਤੇ ਅਗਨੀ ਵਾਯੂ ਸੂਰਜ ਆਦਿ ਦ੍ਵਾਰਾ ਰਿਗ: ਯਜੁ: ਸਾਮ: ਇਨ ਤੀਨੋਂ ਵੇਦੋਂ ਕੋ ਪਰਗਟ ਕਰਤੇ ਭਏ ਅਰਥਾਤ ਅਗਨੀ

Sri Satguru Jagjit Singh Ji eLibrary NamdhariElibrary@gmail.com

ਸੇ ਰਿਗ, ਵਾਯੂ ਸੇ ਯੁਜੁ, ਸੂਰਜ ਸੇ ਸਾਮ, ਇਸ ਕਰਮ ਸੇ ਪਰਗਟ ਹੋਏ। (ਮਨੂੰ: ਅਧਿ; ੧, ਸ਼: ੨੪)

ਏਸੇ ਤਰਾਂ ਸ੍ਰਤਪਥ ਬ੍ਰਹਮਣ ਦੇ (੧੧) (੪) (੨) (੩) ਮੰਤਰ ਵਿਚ ਲਿਖਿਆ ਹੈ:—

ਅਗਨੀ ਰਿਗ ਵੇਦਾ: ਵਾਯੋ: ਯਜਰ ਵੇਦ:
ਸੂਰਯਾਤ ਸਾਮ ਵੇਦਾ:

ਅਤਥਾਤ ਪਰਮਾਤਮਾਂ ਨੇ ਅਗਨੀ ਵਾਯੂ ਆਦਿਤ (ਸੂਰਯ) ਆਦਿ ਮਹਾਂ ਰਿਸ਼ੀਆਂ ਦੇ ਆਤਮਾਂ ਵਿਚ ਤਿੰਨਾਂ ਵੇਦਾਂ ਦਾ ਪ੍ਰਕਾਸ਼ ਕੀਤਾ। ਇਨ੍ਹਾਂ ਪ੍ਰਮਾਣਾਂ ਤੋਂ ਸਿਧ ਹੈ ਕਿ ਲੋੜ ਅਨੁਸਾਰ ਸਤਿਜੁਗ, ਤ੍ਰੇਤਾ. ਦਵਾਪਰ ਆਦਿ ਵਿਚ ਪੁਰਾਤਨ ਰਿਸ਼ੀਆਂ ਨੇ ਵੇਦਾਂ ਨੂੰ ਰਚਿਆ ਹੈ, ਸੋ ਇਨ੍ਹਾਂ ਤਿੰਨਾਂ ਵੇਦਾਂ ਵਿਚੋਂ ਤਾਂ ਮੁੰਡਨ ਦਾ ਪ੍ਰਮਾਣ ਮਿਲਿਆ ਨਹੀਂ, ਇਸ ਲਈ ਮਹਾਂ ਭਾਰਤ ਦੇ ਸਮੇਂ ਰਚੇ ਗਏ ਅਥਰਵ ਵੇਦ ਵਿਚੋਂ ਇਹ ਦੋ ਮੰਤ੍ਰ ਲੈਕੇ ਦਇਆ ਨੰਦ ਨੇ ਆਪਣਾ ਮਨੋਰਥ ਸਿਧ ਕਰਨ ਦਾ ਯਤਨ ਕੀਤਾ ਹੈ। ਪਰੰਤੂ ਜੋ ਪ੍ਰਮਾਣ ਉਸ ਨੇ ਮੁੰਡਨ ਦੀ ਪੁਸ਼ਟੀ ਵਿਚ ਦਿਤਾ ਹੈ, ਆਓ ! ਜ਼ਰਾ ਉਸ ਨੂੰ ਵਿਚਾਰਕੇ ਵੇਖੀਏ, ਅਸਲੀਅਤ ਕੀ ਹੈ ? ਮਹਾਂ ਭਾਰਤ ਵਿਚ ਇਹ ਪ੍ਰਸੰਗ ਆਇਆ ਹੈ ਕਿ ਉਸਤੇਹ ਨਾਮ ਬ੍ਰਿਧ ਰਿਖੀ ਬਨ ਵਿਚ ਤਪ ਕਰ ਰਿਹਾ ਸੀ ਅਤੇ ਉਸ ਦੀ ਪਰਮ ਸੁੰਦਰੀ ਨਵ ਯੋਵਨਾਂ ਧਰਮ ਪਤਨੀ ਭੀ ਉਸ ਦੇ ਕੋਲ ਸੀ।

ਸ਼ਿਕਾਰ ਖੇਡਨ ਗਏ ਵਰਨ ਨਾਮੀ ਰਾਜਾ ਨੇ ਉਸ ਦੇ ਰੂਪ ਪਰ ਮੋਹਿਤ ਹੋਕੇ ਕਾਮ ਅਧੀਨ ਹੋ, ਉਸ ਨੂੰ ਰਿਖੀ ਜੀ ਪਾਸੋਂ ਖੋਹਣਾ ਚਾਹਿਆ। ਰਾਜਾ ਦੀ ਅਨੀਤੀ ਵੇਖ ਰਿਖੀ ਨੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਤਪ ਬਲ ਦਵਾਰਾ ਦੇਵਤਿਆਂ ਨੂੰ ਸਦ ਲਿਆ, ਜਿਨ੍ਹਾਂ ਮੌਕੇ ਤੇ ਪਹੁੰਚਕੇ ਵਰਣ ਦਾ ਦੋਸ਼ ਆਪਣੀ ਅੱਖੀਂ ਡਿਠਾ ਅਤੇ ਉਸ ਨੂੰ ਸ਼ਰਮਿੰਦਾ ਕਰਨ ਵਾਲਾ ਦੰਡ ਅਰਥਾਤ ਸਿਰ ਮੁੰਨਕੇ ਛਡ ਦਿਤਾ, ਇਸੇ ਦਾ ਜ਼ਿਕਰ ਅਥਰਵ ਵੇਦ ਵਿਚ ਆਯਾ ਹੈ।

(ਵਰਣਸਯ ਵਿਦਵਾਨ)

ਅਰਥਾਤ ਵਿਦਵਾਨ ਦੇਵਤਿਆਂ ਨੇ ਵਰਨ ਨੂੰ ਯੋਗ ਦੰਡ ਦਿਤਾ। ਹੁਣ ਆਪ ਸੋਚੋ ਕਿ ਮੁੰਡਨ ਦੀ ਦੰਡ ਰੂਪ ਨਿੰਦਨੀਯ ਕ੍ਰਿਆ ਧਰਮ ਦਾ ਅੰਗ ਕਿਸ ਤਰਾਂ ਬਨ ਗਈ ?

ਤਰਕਾ ਨੰਦ—(ਹੈਰਾਨ ਹੋਕੇ) ਸਿੰਘ ਜੀ ! ਠੀਕ ਹੈ ਮਹਾਂ ਭਾਰਤ ਦਾ ਇਹ ਪਰਸੰਗ ਏਸੇ ਤਰਾਂ ਹੈ, ਪਰੰਤੂ ਉਸ ਮੰਤਰ ਦੀ ਪਹਿਲੀ ਤੁਕ ਵਿਚ ਜੋ ਸਵਿਤਾ ਦੇਵ ਦਵਾਰਾ ਸੋਮ ਰਾਜਾ ਦਾ ਮੁੰਡਨ ਕਰਨਾ ਲਿਖਿਆ ਹੈ, ਕੀ ਓਹ ਦੰਡ ਹੀ ਦਿਤਾ ਗਿਆ ਸੀ ?

ਵਿਵੇਕਾ ਸਿੰਘ—ਜੀ ਹਾਂ, ਕਿਉਂਕਿ ਸੋਮ ਰਾਜਾ ਨੇ ਬ੍ਰਹਸਪਤੀ ਜੀ ਦੀ ਧਰਮ ਪਤਨੀ ਪਰ ਕੁ ਦ੍ਰਿਸ਼ਟੀ ਕੀਤੀ ਸੀ, ਏਸੇ ਦੋਸ਼ ਬਦਲੇ ਸਵਿਤਾ ਦੇਵ ਨੇ ਸੋਮ ਰਾਜਾ ਦਾ ਸਿਰ ਮੁੰਨਕੇ ਛਡ ਦਿਤਾ।

ਤਰਕਾ ਨੰਦ—ਤਦ ਕੀ ਪੁਰਾਤਨ ਸਮੇਂ ਮੁੰਡਨ ਦੀ ਕ੍ਰਿਆ ਕੇਵਲ ਦੰਡ ਲਈ ਹੀ ਵਰਤੀ ਜਾਂਦੀ ਸੀ ?

ਵਿਵੇਕਾ ਸਿੰਘ—ਜੀ ਹਾਂ ! ਸੁਣੋ ! ਜਿਸ ਵੇਲੇ ਪਰਸ-ਰਾਮ ਨੇ ਵਾਦ ਵਿਵਾਦ ਕਰਕੇ ਰਾਮ ਜੀ ਨੂੰ ਕੌੜੇ ਬਚਨ ਕਹੇ ਤਦ ਪਰਸਰਾਮ ਨੂੰ ਇਸ ਗੁਸਤਾਖੀ ਦਾ ਦੰਡ ਦੇਣ ਲਈ ਲਖਸ਼ਮਨ ਜੀ ਨੇ ਰਾਮ ਜੀ ਤੋਂ ਆਗਯਾ ਮੰਗੀ ਜਿਹਾ ਕੁ:—

Sri Satguru Jagjit Singh Ji eLibrary NamdhariElibrary@gmail.com

{ ਕਹੋ ਬਾਂਧ ਮਾਰ, ਕਹੋ ਦੇਸ਼ ਤੇ ਨਿਕਾਰੂੰ । }
{ ਕਹੋ ਸਿੰਧ ਬੋਰਡਾਰੂੰ,ਕਹੋ ਜੂਰਾ ਕਾਟ ਲੀਜੀਐ ।। }

ਅਰਥਾਤ ਹੇ ਰਾਮ ! ਜੇਕਰ ਆਗਿਆ ਦੇਵੋ ਤਾਂ ਇਸ ਬੜ ਬੋਲੇ ਨੂੰ ਕੈਦ ਕਰਕੇ ਮਾਰ ਸੁਟੀਏ, ਯਾਂ ਦੇਸ਼ ਨਿਕਾਲਾ ਦੇ ਦੇਈਏ,ਅਥਵਾ ਸਮੁੰਦਰ ਵਿਚ ਡੋਬਕੇ ਅਲਖ ਮੁਕਾ ਦਿਤੀ ਜਾਵੇ, ਨਹੀਂ ਤਾਂ ਇਸ ਦੇ ਕੇਸਾਂ ਦਾ ਜੂਰਾ ਕੱਟ ਦੇਈਏ ? ਵੇਖੋ ! ਇਸ ਕਥਨ ਦ੍ਵਾਰਾ ਲਛਮਨ ਜੀ ਕੈਦ,ਦੇਸ਼ ਨਿਕਾਲਾ, ਸਮੁੰਦਰ ਵਿਚ ਡੋਬਨਾ ਅਤੇ ਸਿਰ ਮੁੰਨ ਦੇਣਾ ਇਹ ਚਾਰੇ ਦੰਡ ਇਕੋ ਜਿਹੇ ਦਸਦੇ ਹਨ, ਇਸ ਤੋਂ ਸਪਸ਼ਟ ਹੈ ਕਿ ਮੁੰਡਨ ਕਰਨਾ ਉਸ ਸਮੇਂ ਦੰਡ ਹੀ ਸਮਝਿਆ ਜਾਂਦਾ ਸੀ।

ਤਰਕਾ ਨੰਦ—ਸ਼ਾਇਦ ਰਾਮ ਜੀ ਦੇ ਸਮੇਂ ਮੁੰਡਨ ਦੰਡ ਲਈ ਹੀ ਵਰਤਿਆ ਜਾਂਦਾ ਹੋਵੇ ਪ੍ਰੰਤੂ ਦ੍ਵਾਪੁਰ ਵਿਚ ਤਾਂ ਇਹ ਰਸਮ ਆਮ ਪ੍ਰਚਲਤ ਹੋ ਗਈ ਪ੍ਰਤੀਤ ਹੁੰਦੀ ਹੈ ।

ਵਿਵੇਕਾ ਸਿੰਘ—ਬਿਲਕੁਲ ਝੂਠ, ਦ੍ਵਾਪੁਰ ਵਿਚ ਵੀ ਨਸ਼ਿਧ ਮੁੰਡਨ ਅਜਿਹਾ ਹੀ ਭੈੜਾ ਸਮਝਿਆ ਜਾਂਦਾ ਰਿਹਾ ਹੈ ਜਿਹਾ ਕੁ ਰਾਮ ਜੀ ਦੇ ਸਮੇਂ । ਕਿਉਂਕਿ ਜਿਸ ਸਮੇਂ ਰੁਕਮਣੀ ਜੀ ਦੀ ਇਛਾ ਦੇ ਉਲਟ ਉਸ ਦੇ ਪਿਤਾ ਨੇ ਰੁਕਮਣੀ ਜੀ ਨੂੰ ਸਸਪਾਲ ਨਾਲ ਵਿਵਾਹੁਣਾ ਚਾਹਿਆ ਤਦ ਉਸ ਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੈਂ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਪਤੀ ਮੰਨ ਚੁਕੀ ਹਾਂ ਇਸ ਲਈ ਮੈਨੂੰ ਸਸਪਾਲ ਦੇ ਘਰ ਜਾਣਾ ਮਨਜ਼ੂਰ ਨਹੀਂ ਪਰ ਆਪਣੀ ਜ਼ਿੱਦ ਦੇ ਪਕੇ ਰੁਕਮਣੀ ਦੇ ਪਿਤਾ ਨੇ ਇਹ ਗੱਲ ਨਾ ਮੰਨੀ ਪਿਤਾ ਦੀ ਅਨੀਤੀ ਦੇਖਕੇ ਰੁਕਮਣੀ ਨੇ ਕ੍ਰਸ਼ਨ ਜੀ ਨੂੰ ਆਪਣੀ ਰਖਿਆ ਹਿਤ ਪੱਤ੍ਰ ਲਿਖਿਆ

Sri Satguru Jagjit Singh Ji eLibrary NamdhariElibrary@gmail.com

ਜਿਸ ਤੋਂ ਕ੍ਰਿਸ਼ਨ ਜੀ ਝਟ ਪਟ ਪੁਜੇ ਅਤੇ ਰੁਕਮਣੀ ਜੀ ਨੂੰ ਰਥ ਵਿਚ ਬਿਠਾਕੇ ਲੈ ਆਏ ਅਤੇ ਸ਼ਿਸ਼ਪਾਲ ਹੋਰੀ ਨ੍ਹਾਤੇ ਧੋਤੇ ਹੀ ਰਹਿ ਗਏ । ਪ੍ਰੰਤੂ ਰੁਕਮਣੀ ਦਾ ਭਰਾਤਾ ਰੁਕਮ ਆਪਣੀ ਪਤ ਨਸ਼ਟ ਹੋਈ ਵੇਖ ਸੈਨਾ ਲੈਕੇ ਕ੍ਰਿਸ਼ਨ ਜੀ ਨਾਲ ਲੜਨ ਆਇਆ ਅਤੇ ਹਾਰ ਖਾਕੇ ਕ੍ਰਿਸ਼ਨ ਜੀ ਦਾ ਕੈਦੀ ਹੋ ਗਿਆ, ਜਦ ਕ੍ਰਿਸ਼ਨ ਜੀ ਦੀ ਸੈਨਾ ਦੇ ਯੋਧਿਆਂ ਨੇ ਰੁਕਮ ਨੂੰ ਕਤਲ ਕਰਨਾ ਚਾਹਿਆ, ਤਦ ਆਪਣੀ ਪਾਣ ਪਿਆਰੀ ਦਾ ਭਰਾਤਾ ਸਮਝਕੇ ਕ੍ਰਿਸ਼ਨ ਜੀ ਨੇ ਇਸ ਨੂੰ ਪਾਣ ਦੰਡ ਤੇ ਨ ਦਿਤਾ ਪਰੰਤੂ ਕੇਸ ਦਾਹੜੀ ਮੁੰਨ ਕੇ ਛਡ ਦਿਤਾ। ਥੋੜ੍ਹੇ ਚਿਰ ਪਿਛੋਂ ਬਲਭਦਰ ਜੀ ਨੇ ਕ੍ਰਿਸ਼ਨ ਜੀ ਨੂੰ ਪੁਛਿਆ ਜੋ ਕੀ ਆਪ ਨੇ ਰੁਕਮ ਨੂੰ ਕਤਲ ਕਰਵਾ ਦਿਤਾ ?

ਤਦ ਆਪ ਨੇ ਫੁਰਮਾਇਆਃ—

ਵਪਨੰ ਸ਼ਮਸ਼ਰੂ ਕੇਸ਼ਾਨੰ ਵੈਰੂਪਿਅੰ ਸੁਹਿਰਦਿਓ ਵਧਾ:

(ਭਗਵਤ ਸਃ ੧੦, ਅਃ ੫੪, ਸ ੩੫)

ਅਰਥਾਤ ਹੇ ਬਲਰਾਮ ਸ਼ਾਸਤ੍ਰ ਦੀ ਆਗਿਆ ਹੈ ਕਿ ਪਾਣ ਦੰਡ ਦੇ ਦੋਸ਼ੀ ਬ੍ਰਹਮਣ ਖਤਰੀ ਨੂੰ ਸਿਰ ਮੁਨਕੇ ਛਡ ਦੇਣਾਂ ਹੀ ਮੌਤ ਤੁਲਯ ਦੰਡ ਹੈ, ਏਸੇ ਕਰਕੇ ਅਸੀਂ ਭੀ ਰੁਕਮ ਨੂੰ ਕੇਸ ਦਾਹੜੀ ਮੁੰਨਕੇ ਛਡ ਦਿਤਾ, ਉਸ ਲਈ ਇਹੋ ਸਜ਼ਾ ਬਹੁਤ ਹੈ, ਕਿਉਂਕਿ ਤਤਵੇਤਾ ਮਨੂੰ ਜੀ ਨੇ ਮਨੂੰ ਸਿਮਰਤੀ ਵਿਚ ਲਿਖਿਆ ਹੈਃ—

ਦੋਹਰਾ ॥

ਸੁਨੀ ਸਿੰਘ ਜੀ ਤੇ ਜਬੈ ਉਕਤ ਯੁਕਤ ਪੁਰ ਜ਼ੋਰ ॥
ਤਰਕਾ ਨੰਦ ਨਿਵਾਇਸਿਰ ਪਿਖਨ ਲਗਿਓਧਰ ਓਰ ॥

Sri Satguru Jagjit Singh Ji eLibrary NamdhariElibrary@gmail.com

ਅਰਥਾਤ ਪ੍ਰਾਣ ਦੰਡ ਦੇ ਦੋਸ਼ੀ ਵੈਸ਼ ਅਤੇ ਸ਼ੂਦ੍ਰ ਨੂੰ ਬੇਸ਼ਕ ਕਤਲ ਕਰ ਦੇਵੇ ਪਰੰਤੂ ਨਿਆਇਕਾਰੀ ਰਾਜਾ ਖਤਰੀ ਅਤੇ ਬਰਾਹਮਣ ਨੂੰ ਸਿਰ ਮੂੰਹ ਮੁੰਨਕੇ ਹੀ ਛਡ ਦੇਵੇ। ਯਮ ਪੁਰਾਣ ਵਿਚ ਵੀ ਇਸੇ ਗੱਲ ਦੀ ਪੁਸ਼ਟੀ ਕੀਤੀ ਹੈਃ—

{ ਰਾਜਾ ਵ ਰਾਜ ਪੁਤ੍ਰੋ ਬ੍ਰਹਮਣੋ ਵ ਬਹੁ ਸ੍ਰੁਤਾ, }
{ ਅੰਕਰੰਤਵਾ ਵਪਨੰ ਤੇ ਸ਼ਾਨ ਪ੍ਰਾਸਚਿਤੇਵ ਨਿਰਦੋਸ਼ਤੇ। }

ਅਰਥਾਤ ਜਿਥੇ ਵੈਸ਼ ਅਤੇ ਸ਼ੂਦਰ ਨੂੰ ਮੁੰਡਨ ਦਾ ਦੰਡ ਦੇਣਾ ਹੋਵੇ ਓਥੇ ਇਸੇ ਤਰਾਂ ਦੇ ਦੋਸ਼ੀ ਬ੍ਰਾਹਮਣ ਅਤੇ ਖਤਰੀ ਦਾ ਮੁੰਡਨ ਨ ਕਰਵਾਇਆ ਜਾਵੇ, ਸਗੋਂ ਬ੍ਰਤ ਯਾ ਦਾਨ ਆਦਿ ਪਾਸਚਿਤ ਕਰਵਾ ਦਿਤੇ ਜਾਣ। ਕਿਉਂਕਿ ਛਤਰੀ ਆਦਿ ਉਚੀਆਂ ਕੁਲਾਂ ਲਈ ਮੁੰਡਨ ਮਹਾਂ ਨਖਿਧ ਹੈ।

ਦੋਹਰਾ॥

ਸੁਨੀ ਸਿੰਘ ਜੀ ਤੇ ਜਬੈ ਉਕਤ ਯੁਕਤ ਪੁਰ ਜ਼ੋਰ॥
ਤਰਕਾ ਨੰਦਨਿਵਾਇ ਸਿਰਪਿਖਨ ਲਗਿਓਧਰ ਓਰ॥
ਕਵਿ ਕੇ ਮਨ ਉਪਮਾ ਫੁਰੀ ਸਾਧੂ ਬੈਠਿਓ ਐਸ॥
ਮ੍ਰਿਤ ਸੁਤਾ ਦਫਨਾਇਕੇ ਬਹੇ ਜੁਲਾਹੇ ਜੈਸ॥
ਦੇਖ ਦਸ਼ਾ ਇਹ ਸਾਧ ਕੀ ਬਲੀ ਵਿਵੇਕਾ ਸਿੰਘ॥
ਕਰਨੇ ਹਿਤਸਾਵਧਾਨ ਤਹਿ ਗਰਜਿਓ ਸਮਮ੍ਰਿਗਿੰਦ॥
ਅਹੋ ਕਰੋ ਮਮ ਓਰ ਮੁਖ ਤਰਕਾ ਨੰਦ ਸੁਜਾਨ॥
ਵੇਦ ਅਥਰਵਣ ਮਨੂੰ ਕੇ ਸੁਨੋ ਔਰ ਪ੍ਰਮਾਣ॥

ਵਿਵੇਕਾ ਸਿੰਘ—ਸੰਤ ਜੀ ! ਤੁਸੀਂ ਤਾਂ ਹੁਣੇ ਘਬਰਾ ਗਏ। ਅਬੀ ਆਗੇ ਆਗੇ ਦੇਖੀਏ ਕਿਆ ੨ ਹੋਤਾ ਹੈ।

ਤਰਕਾ ਨੰਦ—(ਸ਼ਰਮਿੰਦਾ ਹੋਕੇ) ਸਿੰਘ ਜੀ ! ਮੈਂ

Sri Satguru Jagjit Singh Ji eLibrary NamdhariElibrary@gmail.com

ਘਬਰਾਇਆ ਤਾਂ ਨਹੀਂ ਸਗੋਂ ਇਹ ਸੋਚ ਰਿਹਾ ਹਾਂ ਕਿ ਜੇਕਰ ਮੁੰਡਨ ਕੇਵਲ ਦੰਡ ਲਈ ਵਰਤਿਆ ਜਾਂਦਾ ਸੀ ਤਦ ਅਕਾਰਣ ਸਿਰ ਮੁਨਾਉਨ ਦਾ ਧਰਮ ਸ਼ਾਸ਼ਤ੍ਰ ਵਿਖੇ ਖੰਡਨ ਹੋਣਾ ਚਾਹੀਦਾ ਸੀ ।

ਵਿਵੇਕਾ ਸਿੰਘ–ਹੋਣਾ ਚਾਹੀਦਾ ਕੀ ਸਗੋਂ ਹੈ। ਵੇਖੋ ਮਨੂੰ ਜੀ ਮਹਾਰਾਜ ਫੁਰਮਾਉਂਦੇ ਹਨਃ–

ਕੇਸ਼ ਗਹਿਣੰ ਪ੍ਰਹਾਰਸਜ ਸ਼ਿਰਸਜੋ ਵਿਵਤਜਜਤੇ:

(ਮਨੂੰ ਅ: ੪, ਮ: ੮੩)

ਭਾਵ ਆਪੋ ਵਿੱਚ ਲੜਨ ਸਮੇਂ ਯਾ ਸਾਧਾਰਣ ਹਥੋ ਪਾਈ ਵਿੱਚ ਕੇਸਾਂ ਨੂੰ ਪਕੜਨਾ ਯਾ ਸਿਰ ਵਿੱਚ ਸੱਟ ਮਾਰਨ ਦੀ ਧਰਮ ਸ਼ਾਸ਼ਤ੍ਰ ਦੁਾਰਾ ਸਖਤ ਮਨਾਹੀ ਹੈ। ਏਸੇ ਤਰ੍ਹਾਂ ਅਗੇ ਚੱਲਕੇ ਲਿਖਿਆ ਹੈ:–

ਕੇਸ਼ੇ ਸ਼ੁ (ਗਤਹੀਤਾ) ਹਸਤੋ ਛੇਦੀਜੇ ਅਵਿਚਾਤ੍ਰਜ੍ਹ–

(ਮਨੂੰ ਅ: ੮, ਮ: ੮੪)

ਇਸ ਵਿਚ ਮਨੂੰ ਜੀ ਫੈਸਲਾ ਦਿੰਦੇ ਹਨ, ਕਿ ਜੋ ਪੁਰਸ਼ ਲੜਾਈ ਸਮੇਂ ਯਾ ਹੰਕਾਰ ਨਾਲ ਸ਼ੱਤਰੂ ਦੇ ਕੇਸਾਂ ਨੂੰ ਪਕੜ ਕੇ ਉਸ ਦੀ ਬੇਇਜ਼ਤੀ ਕਰੇ, ਨਿਆਇਕਾਰੀ ਰਾਜਾ ਬਿਨਾ ਵਿਚਾਰੇ ਅਜਿਹੇ ਦੋਸ਼ੀ ਦੇ ਹੱਥ ਕਟਵਾ ਦੇਵੇ। ਹੁਣ ਆਪ ਸੋਚੋ ਕਿ ਜਦ ਲੜਾਈ ਸਮੇਂ ਯਾ ਸਾਧਾਰਣ ਹਥੋ ਪਾਈ ਵਿਚ ਸ਼ਤਰੂ ਤਕ ਦੇ ਕੇਸਾਂ ਨੂੰ ਪਕੜਨ ਦੀ ਮਨਾਹੀ ਹੈ ਤਦ ਧਰਮ ਸ਼ਾਸਤ੍ਰ ਮਿਤ੍ਰਾਂ ਦਾ ਸਿਰ ਮੁੰਨਣ ਦੀ ਕਿਵੇਂ ਆਗਿਆ ਦੇ ਸਕਦਾ ਹੈ ?

ਤਰਕਾ ਨੰਦ–ਕੋਈ ਹੋਰ ਪ੍ਰਮਾਣ ਭੀ ਹੈ ਜਿਸ ਤੋਂ

Sri Satguru Jagjit Singh Ji eLibrary NamdhariElibrary@gmail.com

ਸਿਧ ਹੋਵੇ ਕਿ ਜੰਗ ਵਿਚ ਸ਼ਤ੍ਰੂ ਦ ਕੇਸਾਂ ਨੂੰ ਭੀ ਪਕੜਨ ਦੀ ਮਨਾਹੀ ਹੈ ?

ਵਿਵੇਕਾ ਸਿੰਘ—ਹਾਂ ਸੁਣੋ ! ਮਨੂੰ ਜੀ ਦਾ ਵਾਕ ਹੈ:—

ਨਚ ਹਨਿਯਤ ਸਥਲਾ ਰੂੰਢੰ ਨਿਪੁਸਕੰ ਕ੍ਰਿਤਾਜਲੀਮ।
ਨ ਮੁਕਤ ਕੇਸਾਂ ਨਾ ਸੀਨੰ ਨ ਤ੍ਰਾਸ ਮੀਤ ਵਾਦਨੰਮ।

(ਮਨੂ ਅ: ੭ ਸ: ੯੧)

ਅਰਥਾਤ ਰਥ ਤੋਂ ਉਤਰੇ ਹੋਏ ਨਿਪੁੰਸਿਕ ਹਥ ਜੋੜਕੇ ਖਿਮਾਂ ਮੰਗਣ ਵਾਲੇ ਯਾ ਜਿਸ ਦੇ ਕੇਸ ਖੁਲ ਗਏ ਹੋਣ, ਅਜਿਹੇ ਸ਼ਤਰੂਆਂ ਨੂੰ ਧਰਮ ਪਰਾਇਣ ਯੋਧਾ ਕਦੀ ਨ ਮਾਰੇ।

ਤਰਕਾ ਨੰਦ—ਫਿਰ ਦਯਾ ਨੰਦ ਹੋਰਾਂ ਨੇ ਮੁੰਡਨ ਦੀ ਪੁਸ਼ਟੀ ਹਿਤ ਅਥਰਵ ਵੇਦ ਦਾ ਮੰਤਰ ਇਵੇਂ ਹੀ ਲਿਖ ਮਾਰਿਆ ?

ਵਿਵੇਕਾ ਸਿੰਘ—ਇਵੇਂ ਨਹੀਂ ਤੇ ਹੋਰ ਕੀ ਹੈ, ਜੇਕਰ ਅਥਰਵ ਵੇਦ ਵਿਚ ਮੁੰਡਨ ਦੀ ਆਗਿਆ ਹੁੰਦੀ ਤਾਂ ਇਸ ਵੇਦ ਦੇ ਮੰਤ੍ਰਾਂ ਦ੍ਵਾਰਾ ਪੁਰਾਤਨ ਸਮੇਂ ਦੇ ਸ਼ਸਤ੍ਰ ਧਾਰੀ ਅਤੇ ਰਿਸ਼ੀ ਆਪਨੇ ਕੇਸ਼ਾਂ ਨੂੰ ਵਧਾਉਣ ਅਤੇ ਕਾਲੇ ਰਖਣ ਲਈ ਈਸ਼੍ਵਰ ਅਗੇ ਪ੍ਰਾਰਥਨਾ ਕਿਉਂ ਕਰਦੇ। ਯਥਾ:—

ਵਾਕੰ ਮੇ ਆਸਨ ਸੇ ਪ੍ਰਾਣਸ਼ ਚਕਿਸ਼ੁ ਰਖਸ਼ਣੋ।
ਅਪਿਲਤਾ ਕੇਸ਼ਾਂ ਆਸ਼ਰੋਣ ਦੰਤਾ ਬਹੁ ਬਾਹੋਰਬਲਮ।

(ਅਥਰਵਣ ਕਾਂਡ ੧੯, ਸੁ: ੬੦ ਮ: ੧)

ਅਰਥਾਤ ਹੇ ਪ੍ਰਭੂ ! ਮੁਖ ਮੇਂ ਸ਼ੁਧ ਬਾਣੀ, ਨਾਸਕਾ ਮੇਂ ਪ੍ਰਾਣੋਂ ਕਾ ਸ਼ੁਧ ਸੰਚਾਰ, ਆਂਖੋਂ ਮੇਂ ਸ੍ਵਛ ਦ੍ਰਿਸ਼ਟੀ ਪਕੇ ਦਾਂਤ ਲੰਮੇ ਕੇਸ਼ ਔਰ ਅਮਿਤ ਬਲ ਬਖਸ਼ੋ।

Sri Satguru Jagjit Singh Ji eLibrary NamdhariElibrary@gmail.com

ਤਥਾਹੀ:-

{ ਇਦਨ ਮੂਲ ਮਾਗਰਂ ਯੁਛਬਿ ਮਧਾਯੰ ਯਾਂਮੇ ਔਸ਼ਧੇ । }
{ ਕੇਸ਼ਾ ਡਾਇਬ ਵਰਧਤਾਂ ਸ਼ੀਰਣਸਤੇ ਅਸਤਾ ਪਰਿ । }

(ਅਥਰਬਣ: ਕਾਂਡ ੬, ਸੂ: ੨੩੨, ਮੰ: ੩)

ਅਰਥ ! ਹੇ ਔਸ਼ਧੀ ਹਮਾਰੇ ਕੇਸ਼ੋਂ ਕੇ ਮੂਲ ਕੋ ਦ੍ਰਿੜ ਕਰਕੇ ਕੇਸ਼ੋਂ ਕੋ ਨਰਕਟ ਘਾਸ ਕੇ ਸਦਰਸ਼ ਲੰਬੇ ਕਰਦੇ ।

ਹੁਣ ਆਪ ਨੇ ਵੇਖ ਲਿਆ ਕਿ ਪੁਰਾਤਨ ਰਿਸ਼ੀ ਲੋਕ ਅਤੇ ਆਮ ਗ੍ਰਿਹਿਸਤੀ ਆਪਣੇ ਕੇਸਾਂ ਦੇ ਵਧਾਉਣ ਲਈ ਈਸ਼੍ਵਰ ਅਗੇ ਹਾੜੇ ਕੱਢ ਰਹੇ ਹਨ, ਪਰੰਤੂ ਇਸ ਦੇ ਉਲਟ ਉਸੇ ਅਥਰਬਣ ਵੇਦ ਵਿਚੋਂ ਕੋਈ ਇਕ ਅਧੀ ਤੁਕ ਲੈਕੇ ਦਯਾ ਨੰਦ ਜੀ ਘੋਨ ਮੋਨ ਹੋਨ ਦੀ ਮੁਹਾਰਨੀ ਰਟ ਰਹੇ ਹਨ ।

ਤਰਕਾ ਨੰਦ—ਦਯਾ ਨੰਦ ਨੇ ਐਸਾ ਉਲਟ ਪੁਲਟ ਸਿਧਾਂਤ ਕਿਉਂ ਦੱਸਿਆ ਹੈ ?

ਵਿਵੇਕਾ ਸਿੰਘ—ਇਸ ਦਾ ਕਾਰਣ ਇਹ ਹੈ ਕਿ ਦਯਾ ਨੰਦ ਜੀ ਲੋਕਾਂ ਨੂੰ ਅਜਿਹੀਆਂ ਊਟ ਪਟਾਂਗ ਗੱਲਾਂ ਦੱਸ ਕੇ ਇਹ ਦਰਸਾਉਣਾਂ ਚਾਹੁੰਦੇ ਸਨ ਕਿ ਸੰਸਕ੍ਰਿਤ ਤੋਂ ਅਣਜਾਣ ਲੋਕੀ ਅਜਿਹੀਆਂ ਗੱਲਾਂ ਸੁਣਕੇ ਸਾਨੂੰ ਸੰਸਕ੍ਰਿਤ ਦੇ ਅਦੁਤੀ ਵਿਦਵਾਨ ਮੰਨਣ,ਜੇਕਰ ਉਨ੍ਹਾਂ ਦੀ ਅਜਿਹੀ ਮਨਸ਼ਾ ਨਾ ਹੁੰਦੀ ਤਾਂ ਪੁਰਾਤਨ ਰਿਸ਼ੀਆਂ ਦੇ ਵੇਦ ਭਾਸ਼ਾਂ ਅਨੁਸਾਰ ਯਥਾ ਬੁਧੀ ਪ੍ਰਚਾਰ ਕਰਦੇ ਰਹਿੰਦੇ । ਭਲਾ ਉਨ੍ਹਾਂ ਨੂੰ ਕੀ ਹੱਕ ਸੀ ਕਿ ਫਾਰਸੀ, ਅਰਬੀ ਅਤੇ ਲਾਤੀਨੀ ਆਦਿ ਭਾਸ਼ਾਂ ਪੜ੍ਹੇ ਬਿਨਾਂ ਹੀ ਅੰਜੀਲ, ਕੁਰਾਨ ਅਤੇ

Sri Satguru Jagjit Singh Ji eLibrary NamdhariElibrary@gmail.com

ਹੋਰ ਗਰੰਥਾਂ ਦਾ ਖੰਡਨ ਕਰਨ ਬੈਠ ਜਾਂਦੇ। ਇਸ ਤੋਂ ਸਿਧ ਹੁੰਦਾ ਹੈ ਕਿ ਆਪਣੇ ਆਪ ਨੂੰ ਸਾਰੀਆਂ ਭਾਸ਼ਾਵਾਂ ਦੇ ਸਧਾਰਣ ਅਤੇ ਸੰਸਕ੍ਰਿਤ ਦੇ ਆਸਾਧਾਰਣ ਪੰਡਤ ਸਿੱਧ ਕਰਨਾ ਚਾਹੁੰਦੇ ਸਨ। ਪਰਤੀਤ ਹੁੰਦਾ ਹੈ ਏਸੇ ਗੱਲ ਨੂੰ ਮੁਖ ਰਖਕੇ ਉਨ੍ਹਾਂ ਨੇ ਵੇਦ ਮੰਤਰਾਂ ਦੇ ਬਿਲਕੁਲ ਨਵੇਂ ਅਤੇ ਮਨ ਮੰਨੇ ਅਰਥ ਕਰਨ ਦਾ ਯਤਨ ਕੀਤਾ ਹੈ।

ਤਰਕਾ ਨੰਦ—ਤਦ ਤਾਂ ਪਰਤੀਤ ਹੁੰਦਾ ਹੈ ਕਿ ਪੁਰਾਤਨ ਸਮੇਂ ਦੇ ਲੋਕ ਮੁੰਡਨ ਤੋਂ ਬਹੁਤ ਘਿਰਣਾ ਕਰਦੇ ਹੋਨਗੇ।

ਵਿਵੇਕਾ ਸਿੰਘ—ਕਰਦੇ ਹੋਣਗੇ ਨਹੀਂ, ਬਲਕਿ ਕਰਦੇ ਸਨ, ਵੇਖੋ! ਜਿਸ ਵੇਲੇ ਕ੍ਰਿਸ਼ਨ ਜੀ ਨੇ ਆਪਣੀ ਪ੍ਰਟਰਾਂਣੀ ਦੇ ਭਰਾਤਾ ਰੁਕਮ ਨੂੰ ਸਿਰ ਮੂੰਹ ਮੁੰਨਕੇ ਛਡਿਆ ਤੇ ਉਹ ਇਤਨਾਂ ਸ਼ਰਮਿੰਦਾ ਹੋਇਆ ਕਿ ਆਪਣੀ ਪਹਿਲੀ ਰਾਜਧਾਨੀ ਵਿਚ ਗਿਆ ਹੀ ਨਹੀਂ, ਸਗੋਂ ਹੋਰ ਨਗਰ ਵਸਾਕੇ ਉਥੇ ਰਹਿਣ ਲਗ ਪਿਆ।

ਤਰਕਾ ਨੰਦ—ਇਹ ਤਾਂ ਆਪ ਦੀ ਮਨੋ ਕਲਪਤ ਜਿਹੀ ਕਥਾ ਪਰਤੀਤ ਹੁੰਦੀ ਹੈ।

ਵਿਵੇਕਾ ਸਿੰਘ—(ਹੱਸਕੇ) ਸੰਤ ਜੀ! ਐਸਾ ਨਹੀਂ, ਸਗੋਂ ਹਿੰਦੂਆਂ ਦੇ ਮੰਨੇ ਪਰਮੰਨੇ ਪੁਸਤਕ ਭਾਗਵਤ ਸਕੰਧ ਵਿਚ ਇਉਂ ਲਿਖਿਆ ਹੈ ਕਿ ਜਦ ਦਾਹੜਾ ਮੁਛ ਮੁਨਾਕੇ ਰੁਕਮ ਕ੍ਰਿਸ਼ਨ ਜੀ ਤੋਂ ਛੁਟਕਾਰਾ ਪਾ ਵਿਦਿਆ ਹੋਇਆ ਤਦ ਰਾਹ ਵਿਚ ਰੁਕਮ ਦੇ ਮੰਤਰੀ ਮਿਲੇ ਜਿਨ੍ਹਾਂ ਅਗੇ ਉਸ ਨੇ ਆਪਣੀ ਦੁਖ ਮਈ ਕਥਾਐਉਂ ਵਰਨਨ ਕੀਤੀ:—

Sri Satguru Jagjit Singh Ji eLibrary NamdhariElibrary@gmail.com

ਚੌਪਈ॥

ਹਾਰਯੋ ਤਨੁਯਾ ਪਤਿ ਹੂੰ ਗਈ॥
ਮੇਰੇ ਮਨ ਅਤਿ ਲੱਜਾ ਭਈ।
ਜੀਵਤ ਨਹਿ ਕੁੰਡਨ ਪੁਰ ਜਾਊਂ
ਔਰ ਦੂਸਰੋ ਗਾਂਵ ਬਸਾਊਂ
ਯੋਂ ਕਹਿ ਤਿਨਇਕ ਨਗਰਬਸਾਯੋ
ਸੁਤ ਦਾਰਾ ਧਨ ਤਹਾ ਮੰਗਾਯੋ॥
ਤਾਕੋ ਧਰਿਓ ਭੋਜ ਕਟ ਨਾਮ॥
ਜਾ ਮਹਿ ਕੀਓ ਰੁਕਮ ਬਿਸ੍ਰਾਮ॥

(ਭਾਗਵਤ ਸਕੰਧ ਭਾਸ਼ਾ ਉਲਥਾ ਧਿ: ੫੫, ਪੰ: ੨੫੧)

ਤਰਕਾ ਨੰਦ—ਆਪ ਦੇ ਪ੍ਰਬਲ ਪ੍ਰਮਾਣਾਂ ਤੋਂ ਇਹ ਗੱਲ ਭਲੀ ਪਰਕਾਰ ਸਿਧ ਹੋ ਗਈ ਹੈ ਕਿ ਸ਼ਸਤ੍ਰਧਾਰੀ ਗ੍ਰਹਿਸਥੀ ਲਈ ਕੇਸ ਰਖਣੇ ਬਹੁਤ ਜ਼ਰੂਰੀ ਹਨ, ਪਰੰਤੂ ਗਿਆਨਵਾਨ ਲਈ ਤਾਂ ਇਹ ਕਰਮ ਬੰਧਨ ਹੀ ਪ੍ਰਤੀਤ ਹੁੰਦਾ ਹੈ ?

ਵਿਵੇਕਾ ਸਿੰਘ—ਸੰਤ ਜੀ ! ਕੇਸਾਂ ਦਾ ਰਖਨਾ ਤਾਂ ਵਖਰਾ ਕਰਮ ਹੈ ਹੀ ਨਹੀਂ ਜੋ ਗਿਆਨਵਾਨ ਲਈ ਬੰਧਨ ਹੋਵੇ ਕੇਵਲ ਨਖਿੱਧ ਕਰਮ ਮੁੰਡਨ ਦਾ ਤਿਆਗ ਕਰਨਾ ਹੀ ਕੇਸਾਂ ਦਾ ਰਖਨਾ ਹੈ, ਇਸ ਤਰ੍ਹਾਂ ਸ਼ਾਸਤ੍ਰ ਵਿਰੁਧ ਨਿਦੰਤ ਮੁੰਡਨ ਦੇ ਤਿਆਗਨ ਨਾਲ ਕੇਸ ਤਾਂ ਸੁਤੇ ਸਿਧ ਹੀ ਰਖੇ ਜਾਣੇ ਹਨ।

ਇਸ ਤੋਂ ਸਿਧ ਹੋਇਆ ਕਿ ਕੇਸਾਂ ਦਾ ਸੁਤੇ ਸਿਧ ਹੀ ਪੈਦਾ ਹੋ ਜਾਣਾ ਗਿਆਨਵਾਨ ਲਈ ਕਰਮ ਬੰਧਨ ਨਹੀਂ, ਸਗੋਂ ਮੁੰਡਨ ਦੀ ਨਖਿਧ ਕ੍ਰਿਆ ਕਰਮ ਬੰਧਨ ਹੈ।

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ—ਮੇਰਾ ਵਿਚਾਰ ਹੈ ਕਿ ਗੁਰੂ ਸਾਹਿਬ ਜੀ ਨੇ ਬ੍ਰਹਮ ਗਿਆਨੀ ਨੂੰ ਸਾਰੇ ਬੰਧਨਾਂ ਤੋਂ ਆਜ਼ਾਦ ਕੀਤਾ ਹੈ। ਇਸ ਵਾਸਤੇ ਸੁਖਮਨੀ ਸਾਹਿਬ ਵਿੱਚ ਲਿਖਿਆ ਹੈ:—

**ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥**
**ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥**
**ਬ੍ਰਹਮ ਗਿਆਨੀ ਕਾ ਭੋਜਨ ਗਿਆਨ ॥**
**ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨ ॥**

ਇਸ ਗੁਰ ਸਿਧਾਂਤ ਦੁਆਰਾ ਇਹ ਸਿਧ ਹੈ ਕਿ ਬ੍ਰਹਮ ਗਿਆਨੀ ਲਈ ਹਰੀ ਧਿਆਨ ਬਹੁਤ ਜ਼ਰੂਰੀ ਹੈ,ਕੇਸ ਰਖਣੇ ਕੋਈ ਜ਼ਰੂਰੀ ਨਹੀਂ ਹਨ।

ਵਿਵੇਕਾ ਸਿੰਘ—ਬਿਲਕੁਲ ਠੀਕ ਹੈ, ਬ੍ਰਹਮ ਗਿਆਨੀ ਜਿਸ ਸਮੇਂ ਬ੍ਰਹਮ ਧਿਆਨ ਵਿਚ ਬੈਠਾ ਹੋਇਗਾ ਉਸ ਸਮੇਂ ਨਾਈ ਦੀ ਕੀ ਮਜਾਲ ਹੈ ਜੋ ਬ੍ਰਹਮ ਗਿਆਨੀ ਦੇ ਜਿਸਮ ਨੂੰ ਹਥ ਵੀ ਲਾ ਸਕੇ, ਕਿਉਂਕਿ ਸਿਮਰਨ ਧਿਆਨ ਦੇ ਪ੍ਰਤਾਪ ਨਾਲ ਬ੍ਰਹਮ ਗਿਆਨੀ ਦੇ ਚੇਹਰੇ ਪਰ ਅਲੌਕਿਕ ਬ੍ਰਹਮ ਤੇਜ ਪ੍ਰਗਟ ਹੋ ਜਾਂਦਾ ਹੈ ਜਿਸ ਦੇ ਸਾਮ੍ਹਣੇ ਸੰਸਾਰੀ ਲੋਕ ਅਖ ਭਰਕੇ ਵੀ ਵੇਖ ਨਹੀਂ ਸਕਦੇ। ਅਜਿਹੀ ਦਸ਼ਾ ਵਿਚ ਕਿਸ ਦੀ ਸ਼ਾਮਤ ਆਈ ਹੈ ਜੋ ਬ੍ਰਹਮ ਗਿਆਨੀ ਦੇ ਕੇਸਾਂ ਨੂੰ ਹਥ ਲਾਵੇ ? ਕਿਉਂਕਿ 'ਬ੍ਰਹਮ ਗਿਆਨੀ ਕੋ ਖੋਜੈਂ ਮਹੇਸੁਰ।'

ਅਰਥਾਤ ਬ੍ਰਹਮ ਗਿਆਨੀ ਦੇ ਚਰਨਾਂ ਪਰ ਨਮਸਕਾਰ ਕਰਨ ਲਈ ਦੇਵਤੇ ਭੀ ਉਤਾਵਲੇ ਹੋ ਰਹੇ ਹਨ। ਇਸ

Sri Satguru Jagjit Singh Ji eLibrary NamdhariElibrary@gmail.com

ਵਾਸਤੇ ਮਹਾਰਾਜ ਜੀ ਨੇ ਲਿਖਿਆ ਹੈ ਕਿ ਜਿਸ ਵੇਲੇ ਬ੍ਰਹਮ ਗਿਆਨੀ ਧਿਆਨ ਵਿਚ ਮਸਤ ਬੈਠੇਗਾ, ਉਸ ਵੇਲੇ ਧਿਆਨ ਦੇ ਪਰਬਲ ਪ੍ਰਭਾਵ ਨਾਲ ਲੋਕੀਂ ਉਸਦੇ ਚਰਨ ਪੂਜਨ ਲਗ ਜਾਣਗੇ ਅਤੇ ਗਿਆਨ ਵਾਨ ਦੇ ਪਰਮ ਪਵਿਤਰ ਸੀਸ ਨੂੰ ਸਪਰਸ਼ ਕਰਨ ਦਾ ਕਿਸੇ ਨੂੰ ਹੌਸਲਾ ਨਹੀਂ ਪਏਗਾ, ਜਿਸ ਕਰਕੇ ਸੁਤੇ ਸਿਧ ਉਸ ਦੇ ਸਿਰ ਪਰ ਕੇਸ ਸੁਭਾਇਮਾਨ ਹੋ ਜਾਣਗੇ। ਇਸ ਰੀਤੀ ਨਾਲ ਬ੍ਰਹਮ ਗਿਆਨੀ ਮੁੰਡਨ ਦੀ ਪਰਾਧੀਨ ਕ੍ਰਿਆ ਨੂੰ ਤਿਆਗ ਕੇ ਬੰਧਨ ਤੇ ਮੁਕਤਾ ਹੋ ਜਾਵੇਗਾ।

ਤਰਕਾ ਨੰਦ—ਇਹ ਤਾਂ ਠੀਕ ਹੈ, ਪ੍ਰੰਤੂ ਸਪਸ਼ਟ ਰੂਪ ਵਿਚ ਤਾਂ ਗੁਰੂ ਸਾਹਿਬ ਨੇ ਕਿਧਰੇ ਕੇਸ਼ ਰਖਨ ਦੀ ਆਗਜਾ ਨਹੀਂ ਦਿਤੀ ?

ਵਿਵੇਕਾ ਸਿੰਘ—ਇਹ ਆਪ ਨੇ ਕੀ ਫੁਰਮਾਇਆ ? ਪ੍ਰਤੀਤ ਹੁੰਦਾ ਹੈ ਆਪ ਨੇ ਗੁਰ ਹੁਕਮਾਂ ਦਾ ਬਹੁਤ ਘਟ ਵਿਚਾਰ ਕੀਤਾ ਹੋਇਆ ਹੈ,ਸੁਣੋ!ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ—

**ਇਹੈ ਮੋਹ ਆਗਿਆ ਸੁਣੋ ਤੁਮ ਪਿਆਰੇ।**
**ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ।**
**ਬਿਨਾ ਤੇਗ਼ ਕੇਸੰ ਨਰੰ ਭੇਡ ਜਾਨੋ।**
**ਪਕੜ ਤਾਂਹਿ ਕਾਨੋਂ ਕਿਤੇ ਲੈ ਸਿਧਾਨੋ।**

ਆਪ ਨੇ ਸੁਣ ਲਿਆ ? ਇਸ ਹੁਕਮ ਵਿਚ ਗੁਰੂ ਸਾਹਿਬ ਨੇ ਕੇਸ ਕ੍ਰਿਪਾਨ ਹੀਨ ਮਨੁਖ ਨੂੰ (ਭੇਡ ਦੀ ਤੁਲਤਾ

Sri Satguru Jagjit Singh Ji eLibrary NamdhariElibrary@gmail.com

ਦਿਤੀ ਹੈ) ਅਤੇ ਤਾੜਨਾ ਕੀਤੀ ਹੈ, ਕਿ ਪੰਚ ਕਕਾਰ ਤੋਂ ਹੀਣਾ ਪੁਰਸ਼ ਸਾਡੇ ਸਾਮ੍ਹਣੇ ਨ ਆਵੇ, ਕਿਉਂਕਿ ਅਸੀਂ ਉਸਨੂੰ ਦਰਸ਼ਨ ਨਹੀਂ ਦਿਆਂਗੇ। ਕਾਰਣ:—

**ਰਹਿਤ ਬਿਨਾ ਤਨਖਾਹੀ ਜਾਨੋ।**
**ਰਹਿਤ ਬਿਨਾ ਜੜ ਭੂਤ ਬਖਾਨੋ।**
**ਰਹਿਤ ਬਿਨਾ ਸੁਖ ਕਬਹੂੰ ਨ ਲਹੇ।**
**ਰਹਿਤ ਬਿਨਾ ਨਰ ਨਰਕੇ ਜਾਈ।**
**ਰਹਿਤ ਬਿਨਾ ਗਤਿ ਕਿਨ ਹੂੰ ਨ ਪਾਈ।**

ਤਰਕਾ ਨੰਦ—ਓਹੋ ! ਤਦ ਤਾਂ ਰਹਿਤ ਰਖਣ ਦਾ ਬੜਾ ਸਖਤ ਹੁਕਮ ਹੈ, ਪਰ ਰਹਿਤ ਰਖਣ ਦਾ ਫਲ ਕੀ ਹੋਇਆ ?

ਵਿਵੇਕਾ ਸਿੰਘ—ਸੰਤ ਜੀ ! ਸਤਿਗੁਰੂ ਦੀ ਕ੍ਰਿਪਾਲਤਾ ਦੇਖੋ ਕਿ ਰਹਿਤ ਮ੍ਰਿਯਾਦਾ ਵਿੱਚ ਪੂਰੇ ਰਹਿਣ ਵਾਲੇ ਪੁਰਸ਼ ਨੂੰ ਕਿਡਾ ਉੱਚਾ ਦਰਜਾ ਦਿੰਦੇ ਹਨ। ਆਪ ਫੁਰਮਾਉਂਦੇ ਹਨ:—

**ਰਹਿਣੀ ਰਹੇ ਸੋਈ ਸਿੱਖ ਮੇਰਾ।**
**ਓਹ ਸਾਹਿਬ ਮੈਂ ਉਸ ਕਾ ਚੇਰਾ।**

ਇਸ ਤੋਂ ਵਧੀਕ ਫਲ ਜਗਜਾਸੂ ਨੂੰ ਹੋਰ ਕੀ ਚਾਹੀਦਾ ਹੈ ?

ਤਰਕਾ ਨੰਦ—ਇਹ ਤਾਂ ਹੋਇਆ ਦਸਮੇਸ਼ ਜੀ ਦਾ ਹੁਕਮ। ਗੁਰੂ ਨਾਨਕ ਸਾਹਿਬ ਨੇ ਤਾਂ ਕਿਧਰੇ ਇਸ ਤਰ੍ਹਾਂ ਦਾ ਉਪਦੇਸ ਨਹੀਂ ਦਿਤਾ ?

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ—ਤਬਕਾ ਨੰਦ ਜੀ ! ਗੁਰਮਤਿ ਦਾ ਇਹ ਮਹਾਂ ਉਚ ਸਿਧਾਂਤ ਹੈ ਕਿ ਦਸੋਂ ਸਤਿਗੁਰੂ ਇਕ ਸਰੂਪ ਹਨ ਜੋ ਪੁਰਸ਼ ਨਿਰੰਜਨੀ ਜੋਤ ਦਸਾਂ ਗੁਰੂਆਂ ਵਿਚ ਕੁਝ ਫਰਕ ਸਮਝਦਾ ਹੈ, ਉਸ ਨੂ ਗੁਰੂ ਘਰੋਂ ਕੋਈ ਦਾਤ ਨਹੀਂ ਮਿਲਦੀ ਵੇਖੋ, ਗੁਰ ਹੁਕਮ ਹੈ:—

ਗੁਰ ਨਾਨਕ ਅੰਗਦ ਕਰ ਮਾਨਾ ।
ਅੰਗਦ ਅਮਰਦਾਸ ਪਹਿਚਾਨਾਂ ।
ਅਮਰ ਦਾਸ ਰਾਮਦਾਸ ਕਹਾਯੋ ।
ਸਾਧਨ ਲਖਾ ਮੂੜ ਨਹਿ ਪਾਯੋ ।
ਰਾਮ ਦਾਸ ਅਰਜਨ ਗੁਰ ਭਏ ।
ਅਰਜਨ ਹਰਿ ਗੋਬਿੰਦ ਪ੍ਰਗਟਏ ।
ਭਿੰਨ ਭਿੰਨ ਸਭ ਹੂੰ ਕਰ ਮਾਨਾ ।
ਏਕ ਰੂਪ ਕਿਨ ਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿਧ ਪਾਈ ।
ਬਿਨ ਸਮਝੇ ਸਿੱਧ ਹਾਥ ਨ ਆਈ ।

ਬਚਿੱਤ੍ਰ ਨਾਟਕ ।

ਇਸ ਗੁਰਵਾਕ ਤੋਂ ਸਿਧ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਵਿਚ ਭੇਦ ਨਹੀਂ, ਇਸ ਵਾਸਤੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨਃ—

Sri Satguru Jagjit Singh Ji eLibrary NamdhariElibrary@gmail.com

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ ॥
ਜਗ ਮਗ ਜੋਤਿ ਬਰਾਜ ਰਹੀ ਅਬਿਚਲਨਗਰ ਅਪਾਰ॥

ਕਿਉਂਕਿ ਦਸਮੇਸ਼ ਜੀ ਨੇ ਖਾਲਸਈ ਮੋਹਰ ਉਪਰ ਭੀ ਇਹੋ ਤੁਕਾਂ ਲਿਖੀਆਂ ਹਨਃ—

ਦੇਗ ਤੇਗ ਫਤਹ ਨੁਸਰਤ ਬੇਦਰੰਗ ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਇਸ ਕਰਕੇ ਸ਼ਹਿਨਸ਼ਾਹ ਸ਼ੇਰੇ ਪੰਜਾਬ ਰਣਜੀਤ ਸਿੰਘ ਜੀ ਨੇ ਖਾਲਸਈ ਰਾਜ ਸਮੇਂ ਸਰਕਾਰ ਖਾਲਸਾ ਦੇ ਸਿੱਕੇ ਪਰ ਇਹੋ ਹੀ ਤੁਕਾਂ ਉਕਰਾਈਆਂ ਸਨ।

ਤਰਕਾ ਨੰਦ—ਮੇਰੀ ਸ਼ੰਕਾ ਦਾ ਉਤਰ ਅਜੇ ਤਕ ਮੈਨੂੰ ਨਹੀਂ ਮਿਲਿਆ। ਮੰਨਿਆਂ ਦਸੋ ਗੁਰੂ ਇਕ ਰੂਪ ਹਨ, ਪ੍ਰੰਤੂ ਜੇਹੜਾ ਹੁਕਮ ਆਪਨੇ ਦਸਮੇਂ ਜਾਮੇਂ ਵਿਚ ਜਾਕੇ ਦਿਤਾ ਹੈ, ਪਹਿਲੇ ਜਾਮੇ ਵਿਚ ਉਸਦਾ ਵਰਨਣ ਕਿਉਂ ਨਹੀਂ ਕੀਤਾ ?

ਵਿਵੇਕਾ ਸਿੰਘ—ਬਹੁਤ ਅਛਾ ! ਸੁਣੋ ਰੱਬੀ ਜੋਤ ਗੁਰੂ ਨਾਨਕ ਸਾਹਿਬ ਜਿਸ ਸਮੇਂ ਪਛਮ ਦੇ ਜਗਿਆਸੂਆ ਨੂੰ ਆਤਮ ਗਿਆਨ ਦੀ ਦਾਤ ਬਖਸ਼ਨ ਗਏ, ਤਦ ਤੁਰਕਸਤਾਨ ਦੇ ਮਸ਼ਹੂਰ ਸ਼ਹਿਰ ਬਲਖ ਵਿਚ ਮਹਮੂਦ ਖਾਂ ਸਯਦ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ, ਕਈ ਪ੍ਰਸ਼ਨ ਕੀਤੇ, ਸਤਿਗੁਰੂ ਜੀ ਤੋਂ ਯਥਾ ਯੋਗ ਉਤ੍ਰ ਪਾਕੇ ਚਰਨਾਂ ਪਰ ਨਮਸਕਾਰ ਕੀਤੀ, ਨਿੰਮ੍ਰ ਹੋਕੇ ਪੁਛਿਆ 'ਵਲੀ ਅੱਲਾ ! ਆਪ ਫੁਰਮਾਉਂਦੇ ਹੋ ਕਿ ਅਭਿਆਸ ਕੀਤਿਆਂ ਬਹੁਤ ਛੇਤੀ ਆਤਮਾ ਦਾ ਸਾਖਯਾਤ ਕਾਰ ਦਰਸ਼ਨਹੋ ਜਾਂਦਾ ਹੈ,ਪਰੰਤੂ ਕਈਆਂ ਲੋਕਾਂ ਦੀਆਂ ਜਪ ਕਰਦਿਆਂ ਉਮਰਾਂ ਹੀ ਗੁਜ਼ਰ ਗਈਆਂ ਹਨ, ਪਰ ਕਾਮਯਾਬੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੋਈ, ਖੱਦ ਮੇਰੀ ਹੀ ਇਹ ਹਾਲਤ ਹੈ ਕਿ ਅੱਲਾ ੨ ਕਰਦਿਆਂ ਕਈ ਸਾਲ ਲੰਘ ਗਏ, ਪਰ ਬਣਿਆਂ ਕੁਝ ਨਹੀਂ ?' ਤਦ ਸਤਿਗੁਰਾਂ ਫੁਰਮਾਇਆ ਕਾਮਯਾਬੀ ਕੀ ਹੋਵੇ? ਦੁਨਿਆਵੀ ਲੋਕ ਮਾਇਆ ਦੇ ਰੰਗਾਂ ਵਿਚ ਮਸਤ ਹੋਕੇ ਆਪਣੇ ਆਪ ਦਾ ਭੀ ਚੇਤਾ ਭੁਲਾ ਬੈਠੇ ਹਨ। ਯਥਾ:-

**ਕਾਇਆਂ ਕਿਰਦਾਰ ਔਰਤ ਯਕੀਨਾਂ।**
**ਰੰਗ ਤਮਾਸ਼ੇ ਮਾਣਹਿ ਕੀਨਾਂ।**

ਅਰਥਾਤ ਭੇਖੀ ਲੋਕ ਦਿਖਾਵੇ ਲਈ ਤਸਬੀਆਂ ਫੇਰਦੇ ਹਨ, ਪਰ ਵਿਚੋਂ ਕਾਇਆਂ ਵਿਚ ਵੱਸਣ ਵਾਲੇ ਦਸਾਂ ਇੰਦ੍ਰੀਆਂ ਦੇ ਅਧੀਨ ਹੋਕੇ (ਔਰਤ) ਮਾਇਆ ਦੇ ਰੰਗਾਂ ਨੂੰ ਯਕੀਨਨ ਸਚੇ ਜਾਨ ਕੇ ਵਿਸ਼ੇ ਭੋਗਾਂ ਦੇ ਗੁਲਾਮ ਬਣੇ ਰਹਿੰਦ ਹਨ। ਅਜਿਹੇ ਮੈਲੇ ਮਨ ਨਾਲ ਆਤਮ ਗਿਆਨ ਕਿਵੇਂ ਹੋ ਜਾਵੇ ? ਇਹ ਸੁਣ ਸੱਯਦ ਨੇ ਬਿਨੈ ਕੀਤੀ 'ਹਜ਼ੂਰ ਇਹ ਨਾਪਾਕ ਮਨ ਪਾਕ ਕਿਵੇਂ ਹੋਵੇ ?' ਸਤਿਗੁਰੂ ਜੀ ਨੇ ਫੁਰ-ਮਾਇਆ ਜੇਕਰ ਦੁਨਿਆਵੀ ਲੋਕ ਰੱਬ ਦੇ ਪਿਆਰਿਆਂ ਦੀ ਪਹਿਲੀ ਨਹੀਹਤ ਮੰਨਕੇ ਮਨਮਤ ਕਰਨੀ ਛਡ ਦੇਣ ! ਇਸ ਪਰ ਸਯਦ ਨੇ ਪੁਛਿਆ ਯਾ ਵਲੀ ਉਹ ਪਹਿਲੀ ਨਸੀਹਤ ਕੀ ਹੈ ? ਗੁਰੂ ਸਾਹਿਬ ਨੇ ਫੁਰਮਾਇਆ ਸਯਦ ਸਾਹਿਬ ! ਕੀ ਆਪ ਦਸ ਸਕਦੇ ਹੋ ਕਿ ਹਜ਼ਰਤ ਮਹੰਮਦ ਸਾਹਿਬ ਘੋਨ ਮੋਨ ਸਨ ਯਾਂ ਜਟਾ ਜੁਟ (ਕੇਸਾ ਧਾਰੀ) ?

ਸਯਦ ਨੇ ਕਿਹਾ ਪੀਰ ਸਾਹਿਬ ! ਈਸਾ, ਮੂਸਾ, ਜ਼ਰ-ਤਸ਼ਤ,ਇਬਰਾਹੀਮ ਅਤੇ ਰਸੂਲੇ ਖੁਦਾ ਮਹੰਮਦ ਸਾਹਿਬ ਅਥਵਾ

Sri Satguru Jagjit Singh Ji eLibrary NamdhariElibrary@gmail.com

ਸ਼ਾਹ ਵਲੀ ਆਦਿਕ ਪੈਗੰਬਰਾਂ ਦੇ ਪਿਆਰਿਆਂ ਕਿਸ ਨੇ ਵੀ ਕੇਸ ਦਾੜ੍ਹੀ ਨਹੀਂ ਕਟਵਾਏ, ਜਿਸ ਨੂੰ ਸੁਣਕੇ ਗੁਰੂ ਸਾਹਿਬ ਜੀ ਨੇ ਫੁਰਮਾਇਆ ਫਿਰ ਤੁਸੀਂ ਸਿਰ ਮੂੰਹ ਕਿਉਂ ਮੁੰਨਾਉਂਦੇ ਹੋ ? ਪੈਗੰਬਰਾਂ ਦੇ ਅਕੀਦੇ ਤੇ ਖਿਲਾਫ ਅਮਲ ਕਰਨਾ ਮਨਮਤ ਨਹੀਂ ਤਾਂ ਹੋਰ ਕੀ ਹੈ ?

ਸੱਯਦ-ਹੇ ਅੱਲਾ ਦੇ ਨੂਰ ! ਮੈਨੂੰ ਹੁਣ ਕੀ ਹੁਕਮ ਹੈ ?

ਗੁਰੂ ਸਾਹਿਬ—ਹੁਕਮ ਰੱਬੀ ਇਹ ਹੈ ਕਿ ਜੇਕਰ ਤੂੰ ਮਾਲ੍ਕ ਨੂੰ ਮਿਲਣਾ ਚਾਹੁੰਦਾ ਹੈ ਤਦ ਸਭ ਤੋਂ ਪਹਿਲਾਂ 'ਸਾਬਤ ਸੂਰਤ ਦਸਤਾਰ ਸਿਰਾ' ਅਰਥਾਤ ਕੇਸ, ਦਾਹੜੀ ਰਖਕੇ ਮਰਦਾਂ ਦੀ ਨਿਸ਼ਾਨੀ ਤੇ ਸਿਰ ਪਰ ਦਸਤਾਰ ਸਜਾਕੇ ਇੰਦ੍ਰੀਆਂ ਰੂਪ ਔਰਤਾਂ ਨੂੰ ਆਪਣੇ ਕਾਬੂ ਕਰਕੇ ਪੂਰਾ ਮਰਦ ਬਣ।

ਸੱਯਦ—ਬਹੁਤ ਅੱਛਾ ! ਪਰ ਕੀ ਇਤਨਾ ਕੁਝ ਕਰਨ ਨਾਲ ਹੀ ਰੱਬ ਮਿਲ ਜਾਵੇਗਾ ?

ਗੁਰੂ ਸਾਹਿਬ—ਸਯਦ ਸਾਹਿਬ ! ਜਿਵੇਂ ਪਾਨ, ਕੱਥਾ ਅਤੇ ਚੂਨਾ ਤਿੰਨੇ ਵਸਤਾਂ ਮਿਲਣ ਨਾਲ ਲਾਲ ਰੰਗ ਬਣਦਾ ਹੈ ਅਕੱਲੀ ਅਕੱਲੀ ਕੋਈ ਚੀਜ਼ ਭੀ ਲਾਲੀ ਨਹੀਂ ਦਿੰਦੀ, ਏਸੇ ਤਰ੍ਹਾਂ ਇਕੱਲੀ ਸਾਬਤ ਸੂਰਤ ਨਾਲ ਰੱਬ ਨਹੀਂ ਮਿਲਦਾ ਸਗੋਂ ਇਸ ਦੇ ਨਾਲ ਦੋ ਚੀਜ਼ਾਂ ਬਹੁਤ ਜ਼ਰੂਰੀ ਹਨ।

ਯਥਾਃ—

**ਹੱਕ ਹਲਾਲ ਬਖੋਰਹੁ ਖਾਣਾ ॥**
**ਦਿਲ ਦਰੀਆਓ ਧੋਵੋ ਮੈਲਾਣਾ ॥**

Sri Satguru Jagjit Singh Ji eLibrary NamdhariElibrary@gmail.com

**ਪੀਰ ਪਛਾਣੈ ਭਿਸਤੀ ਸੋਈ ॥**
**ਅਜਰਾਈਲ ਨ ਦੋਜ ਠਰਾ ॥**

ਅਰਥਾਤ ਹੇ ਸਜਨ ਪਹਿਲੋਂ ਸਾਬਤ ਸੂਰਤ ਧਾਰਨ ਕਰ ਫੇਰ ਹੱਕ ਦੀ ਕਮਾਈ ਧਰਮ ਦੀ ਕਿਰਤ ਕਰਕੇ ਛਕ, ਇਨ੍ਹਾਂ ਦੋ ਕਰਮਾਂ ਦੇ ਕਰਨ ਕਰਕੇ ਮੈਲਾ ਦਿਲ ਸਾਫ ਹੋਕੇ ਸ਼ੁਧ ਸ਼ੀਸ਼ੇ ਵਤ ਚਮਕ ਪਵੇਗਾ, ਜਿਸ ਵਿਚੋਂ ਸਚੇ ਪੀਰ ਪਰਮਾਤਮਾ ਦੀ ਬਹੁਤ ਛੇਤੀ ਪਹਿਚਾਣ ਹੋ ਜਾਵੇਗੀ, ਜਿਸ ਦੇ ਹੋਣ ਨਾਲ ਇਸ ਜੀਵ ਨੂੰ ਅਜਰਾਈਲ ਦੋਜ਼ਕਾਂ ਵਿਚ ਨਹੀਂ ਲੈ ਜਾ ਸਕੇਗਾ, ਸਗੋਂ ਅਜਿਹੇ ਅਭਿਆਸੀ ਲਈ ਬਹਿਸ਼ਤਾਂ ਦੇ ਦਰਵਾਜ਼ੇ ਹਮੇਸ਼ ਖੁਲ੍ਹੇ ਰਹਿਣਗੇ ।

ਇਸ ਪਵਿੱਤਰ ਉਪਦੇਸ਼ ਨੂੰ ਗ੍ਰਹਿਣ ਕਰਕੇ ਸੱਯਦ ਮੈਹਮੂਦ ਨੇ ਗੁਰ ਆਸ਼ੇ ਅਨੁਸਾਰ ਕਮਾਈ ਕੀਤੀ ਅਤੇ ਸੰਸਾਰ ਸਾਗਰ ਤੋਂ ਪਾਰ ਹੋ ਗਿਆ । ਹੁਣ ਇਹ ਗੱਲ ਸਾਫ ਹੈ ਜਦ ਗੁਰੂ ਸਾਹਿਬ ਜੀ ਮੁਸਲਮਾਨਾਂ ਤਕ ਨੂੰ ਸਾਬਤ ਰਹਿਣ ਦਾ ਉਪਦੇਸ਼ ਕਰਦੇ ਹਨ ਤਾਂ ਸਿਖਾਂ ਲਈ ਮੁੰਡਨ ਕਿਵੇਂ ਜਾਇਜ਼ ਹੋ ਸਕਦਾ ਹੈ ?

ਤਰਕਾ ਨੰਦ—ਗੁਰੂ ਗਰੰਥ ਸਾਹਿਬ ਜੀ ਵਿਚ ਭੀ ਕੇਸ ਰਖਣ ਦਾ ਹੁਕਮ ਹੈ ?

ਵਿਵੇਕਾ ਸਿੰਘ—ਜੀ ਹਾਂ, ਵੇਖੋ ! ਗੁਰੂ ਸਾਹਿਬ ਜੀ ਫੁਰਮਾਉਂਦੇ ਹਨਃ—

**ਕੇਸਾ ਕਾ ਕਰ ਬੀਜਨਾਂ ਸੰਤ ਚਵਰ ਢੁਲਾਵਉ ॥**

Sri Satguru Jagjit Singh Ji eLibrary NamdhariElibrary@gmail.com

**ਕੇਸਾ ਸੰਗ ਦਾਸ ਪਗ ਝਾਰੋਂ**
**ਇਹੈ ਮਨੋਰਥ ਮੋਰ ॥**
**ਕੇਸਾਂ ਕਾ ਕਰ ਚਵਰ ਢੁਲਾਵਾਂ**
**ਚਰਨ ਧੂਰ ਮੁਖ ਲਾਈ ॥**

ਇਤਯਾਦਿਕ ਅਨੇਕਾਂ ਹੁਕਮ ਹਨ, ਜਿਨ੍ਹਾਂ ਦਵਾਰਾ ਕੇਸ਼ਾਂ ਦਾ ਹੋਣਾ ਜ਼ਰੂਰੀ ਸਿੱਧ ਹੁੰਦਾ ਹੈ।

ਤਰਕਾ ਨੰਦ–ਇਹ ਤਾਂ ਸਾਧਾਰਣ ਜ਼ਿਕਰ ਹੈ, ਵਿਸ਼ੇਸ਼ ਹੁਕਮ ਹੋਣਾ ਚਾਹੀਦਾ ਸੀ।

ਵਿਵੇਕਾ ਸਿੰਘ–ਵਿਸ਼ੇਸ਼ ਹੁਕਮ ਤਦ ਚਾਹੀਦਾ ਸੀ ਜੇਕਰ ਸਿੱਖਾਂ ਵਿਚ ਮੁੰਡਨ ਦਾ ਰਵਾਜ ਹੁੰਦਾ, ਜਦ ਕਿ ਗੁਰਬਾਣੀ ਏਹ ਹੁਕਮ ਦੇਕੇ ਯਥਾ:–

**ਮੂੰਡ ਮੁੰਡਾਏ ਜੌ ਸਿਧ ਪਾਈ।**
**ਮੁਕਤੀ ਭੇਡ ਨ ਗਈਆ ਕਾਈ।**

ਸਾਫ ਲਫਜ਼ਾਂ ਵਿਚ ਮੁੰਡਨ ਦਾ ਖੰਡਨ ਕਰ ਰਹੀ ਹੈ ਤਦ ਵਿਸ਼ੇਸ਼ ਹੁਕਮ ਦੀ ਕੀ ਲੋੜ ਸੀ ?

ਤਰਕਾ ਨੰਦ–ਵਿਸ਼ੇਸ਼ ਹੁਕਮ ਨਾਂ ਹੋਣ ਕਰਕੇ ਜੇਕਰ ਕੋਈ ਇਹ ਕਹਿ ਦੇਵੇ ਕਿ ਪੰਜ ਕਕਾਰ ਗੁਰਮਤਿ ਵਿਰੁਧ ਹਨ ਇਸ ਦਾ ਆਪ ਕੀ ਉੱਤਰ ਦਿਓਗੇ ?

ਵਿਵੇਕਾ ਸਿੰਘ–ਸੰਤ ਜੀ, ਗੁਰਬਾਣੀ ਸੰਖੇਪ ਸੂਤ੍ਰ ਰੂਪ ਭਾਵ ਰਚਨਾ ਹੈ ਵਾਰਤਕ ਗ੍ਰੰਥ ਨਹੀਂ ਜਿਸ ਵਿਚ ਵਿਸ਼ੇਸ਼ ਵਿਸਤਾਰ ਨਾਲ ਲਿਖਿਆ ਜਾਂਦਾ। ਕਿਉਂਕਿ ਗੁਰਬਾਣੀ ਸਮ-

Sri Satguru Jagjit Singh Ji eLibrary NamdhariElibrary@gmail.com

ਝਦਾਰ ਇਨਸਾਨਾਂ ਵਾਸਤੇ ਹੈ । ਤ੍ਰਿਕਾਲ ਦਰਸ਼ੀ ਸਤਿਗੁਰੂ ਏਹ ਜਾਣਦੇ ਸਨ ਕਿ ਰੱਬੀ ਭੈ ਵਾਲੇ ਗੁਰਮੁਖ ਸ਼ਰਧਾਲੂ ਤਾਂ ਮੁੰਡਨ ਕਰਵੌਂਦੇ ਹੀ ਨਹੀਂ ਭਾਵੇਂ ਓਹ ਕਿਸੇ ਮੱਤ ਵਿਚ ਹੋਣ ਅਤੇ ਸਰਬ ਸਾਧਾਰਣ ਦੇ ਉਪਦੇਸ਼ ਲਈ ਅਪਨੇ 'ਅਕਲ ਮੰਦਰਾ ਇਸ਼ਾਰਾ ਕਾਫੀ 'ਅਸਤ' ਸਮਝਿਆ। ਪੰਜਾਬੀ ਵਿਚ ਭੀ ਕਹਾਵਤ ਹੈ 'ਗਦੋਂ ਨੂੰ ਸੋਟਾ ਅਰਾਕੀ ਨੂੰ ਸੈਨਤ।' ਕਿਉਂਕਿ ਵਿਗੜੀ ਹੋਈ ਸਮਝ ਵਾਲੇ ਪਸ਼ੂ ਤੁਲ ਇਨਸਾਨ ਲਈ ਰਹਿਤਨਾਮਿਆਂ ਵਿਚ ਕਾਫੀ ਤਾੜਨਾ ਕੀਤੀ ਗਈ ਹੈ ਇਸ ਕਰਕੇ ਪਵਿਤ੍ਰ ਬਾਣੀ ਵਿਚ ਸੰਖੇਪ ਰੂਪ ਨਾਲ ਕੇਸਾਂ ਦਾ ਵਰਨਨ ਹੈ । ਜੇਕਰ ਗੁਰਬਾਣੀ ਵਿਚ ਵਿਸ਼ੇਸ਼ ਜ਼ਿਕਰ ਨਾ ਹੋਣ ਪਰ ਕੋਈ ਸ਼ੰਕਾ ਕਰ ਸਕਦਾ ਹੈ ਤਦ ਤਾਂ ਕਲ ਨੂੰ ਕੋਈ ਏਹ ਭੀ ਕਹੇਗਾ ਕਿ ਗੁਰਬਾਣੀ ਵਿਚ ਆਲੂ, ਗੋਭੀ, ਮਟਰ ਯਾ ਸਰ੍ਹੋਂ ਦਾ ਸਾਗ ਖਾਣਾ ਨਹੀਂ ਲਿਖਿਆ ਇਸ ਵਾਸਤੇ ਏਹ ਚੀਜ਼ਾਂ ਛਕਣੀਆਂ ਗੁਰਮਤ ਵਿਰੁਧ ਹਨ ?

ਤਰਕਾ ਨੰਦ—ਏਹ ਚੀਜ਼ਾਂ ਤਾਂ ਨਿਤਾ ਪ੍ਰਤੀ ਮਨੁਖਾਂ ਦੀ ਵਰਤੋਂ ਵਿਚ ਔਣ ਵਾਲੀਆਂ ਹਨ । ਭਲਾ ਇਨ੍ਹਾਂ ਦਾ ਗੁਰ-ਬਾਣੀ ਵਿਚ ਜ਼ਿਕਰ ਕਰਨ ਦੀ ਕੀ ਲੋੜ ਸੀ ?

ਵਿਵੇਕਾ ਸਿੰਘ—ਇਸੇ ਤਰ੍ਹਾਂ ਕੇਸਾਂ ਦਾ ਰੱਖਣਾ ਸਿਖਾਂ ਵਿਚ ਲਾਜ਼ਮੀ ਅਤੇ ਆਮ ਪ੍ਰਚੱਲਤ ਸੀ, ਏਸੇ ਵਾਸਤੇ ਗੁਰ-ਬਾਣੀ ਵਿਚ ਸਤਿਗੁਰੂ ਜੀ ਨੇ ਇਨ੍ਹਾਂ ਬਾਬਤ ਵਿਸਥਾਰ ਨਾਲ ਨਹੀਂ ਲਿਖਿਆ ।

ਤਰਕਾ ਨੰਦ—ਪਰੰਤੂ ਕਈ ਲੋਕ ਕਹਿੰਦੇ ਹਨ ਕਿ ਕੇਸ ਧਾਰਣ ਕਰਨ ਨਾਲ ਅਕਲ ਨਹੀਂ ਵਧਦੀ ।

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ—ਮੈਂ ਆਪ ਤੋਂ ਪੁਛਦਾ ਹਾਂ ਜੋ ਕੀ ਸ੍ਰੀ ਰਾਮ ਚੰਦਰ ਜੀ ਸ੍ਰੀ ਕ੍ਰਿਸ਼ਨ ਮਹਾਂ ਰਿਸ਼ੀ ਵਸ਼ਿਸ਼ਟ ਵਿਆਸ ਦੁਰਵਾਸ਼ਾ ਆਦੀ ਸਤਿ ਪੁਰਸ਼ ਬੁਧੀਵਾਨ ਸਨ ਯਾਂ ਕੁਝ ਘਟ ਸਮਝ ਰਖਦੇ ਸਨ । ਕਿਉਂਕਿ ਓਹ ਕੇਸ਼ਾ ਧਾਰੀ ਸਨ ?

ਤਰਕਾ ਨੰਦ—ਹਰੇ ! ਹਰੇ ! ਉਨ੍ਹਾਂ ਨੂੰ ਥੋੜੀ ਸਮਝ ਵਾਲੇ ਕਹਿਣਾ ਤਾਂ ਮਹਾਂ ਪਾਪ ਹੈ, ਕਿਉਂਕਿ ਓਹਨਾਂ ਦੀ ਆਤਮਕ ਸ਼ਕਤੀ ਅਤੇ ਧਾਰਮਕ ਫਿਲਾਸਫੀ ਦਾ ਅਸਰ ਹਜ਼ਾਰਾਂ ਬਰਸ ਗੁਜ਼ਰ ਜਾਣ ਪਰ ਭੀ ਲੋਕਾਂ ਦੇ ਦਿਲਾਂ ਪਰ ਓਹੋ ਜਿਹਾ ਹੈ, ਜਿਹਾ ਕਿ ਉਸ ਸਮੇਂ ਸੀ।

ਵਿਵੇਕਾ ਸਿੰਘ—ਫਿਰ ਜੋ ਲੋਕ ਇਹ ਕਹਿੰਦੇ ਹਨ ਕਿ ਕੇਸ਼ ਰੱਖਿਆਂ ਅਕਲ ਘਟ ਜਾਂਦੀ ਹੈ, ਓਹ ਮਹਾਂ ਮੂਰਖ ਨਹੀਂ ਤਾਂ ਹੋਰ ਕੀ ਹਨ ? ਕਿਸੇ ਕਵੀ ਨੇ ਅਜਿਹੇ ਬਿਸਮਝਾਂ ਪ੍ਰਥਾਇ ਇਹ ਦੋਹਿਰਾ ਕਿਹਾ ਹੈ:—

ਮਹਾਂ ਦੁਸ਼ਟ ਨਿੰਦਕ ਕੁਟਲ ਵਹਿ ਖਲਿ ਪਸ਼ੂ ਸਮਾਨ।
ਕੇਸ਼ਾ ਧਾਰੀ ਪੁਰਸ਼ ਕੋ ਕਹੇਂ ਜੁ ਲਘੁ ਮਤਵਾਂਨ ।

ਕੀ ਕੋਈ ਹੋਰ ਸ਼ੰਕਾ ਭੀ ਹੈ ?

ਤਰਕਾ ਨੰਦ—(ਢਿੱਲਾ ਮੂੰਹ ਬਣਾਕੇ) ਸਿੰਘ ਜੀ ! ਹੋਰ ਤਾਂ ਕੋਈ ਸ਼ੰਕਾਂ ਨਹੀਂ,ਉਂਝ ਤਾਂ ਕੇਸ ਰਖਣੇ ਧਰਮ ਅਨਕੂਲ ਤੇ ਬਹੁਤ ਜ਼ਰੂਰੀ ਹਨ, ਪੰਤੂ ਸੁਖ-ਰਹਿਣੇ ਯਾ ਬਹੁਤ ਸੁਹਿਲ ਹੋ ਜਾਣ ਕਰਕੇ ਲੋਕੀਂ ਕੇਸ਼ਾਧਾਰੀ ਬਣਨੋਂ ਘਬਰੋਂਦੇ ਹਨ।

ਵਿਵੇਕਾ ਸ਼ਿੰਘ—

ਜੇਕਰ ਇਹੀ ਬਹਾਨਾ ਕਰਕੇ ਕੇਸ਼ ਨ ਸਿਰ ਪਰ ਧਾਰੇਂ ।

Sri Satguru Jagjit Singh Ji eLibrary NamdhariElibrary@gmail.com

ਸਿਰ ਫਿਰਵਾਏਂ ਮੁਟਮਦੀ ਪੋਲਾ ਆਪਨੀ ਸ਼ਕਲ ਬਿਗਾਰੇਂ।
ਤਬ ਤੋ ਮਰਦ ਕਹਾਵਨ ਕਾ ਬੀ ਉਨਕੋ ਹੱਕ ਨ ਕੋਈ।
ਅਬਲਾ ਤੇ ਭੀ ਨਿਰਬਲ ਥਾਏ ਸ਼ੌਂਕੀ ਬੰਦੇ ਜੋਈ।
ਕਿਉਂਕਿ ਸਿਰ ਪਰ ਕੇਸ਼ ਰਖੇਂ ਜਬ ਨਾਜ਼ਕਨਿਰਬਲ ਨਾਰਾਂ।
ਰਤੀ ਭਰ ਭੀ ਖੇਦ ਨ ਮਾਨੇਂ ਬਾਲ ਬ੍ਰਿਧ ਮੁਟਿਆਰਾਂ।
ਤੋ ਫਿਰ ਮਰਦ ਕਹਾਵਨ ਵਾਲੇ ਕੇਸ਼ਨ ਤੇ ਕਿਉਂ ਡਰ ਹੈਂ ?
ਜਟਾ ਜੂਟ ਰਹਿ ਸਿੰਘ ਰੂਪ ਧਰ ਰਣ ਮਹਿ ਜੋ ਲਰ ਮਰ ਹੈਂ।
ਤਾਂਤੇ ਡਰੋ ਨਾ ਰੰਚਕ ਮਨ ਮੇਂ ਮਰਦ ਬਣੋ ਤੁਮ ਪਿਆਰੇ।
ਉਸ ਖਾਲਕ ਨੇ ਤੁਮੇ, ਬਣਾਇਆ ਦਾੜ੍ਹੀ ਕੇਸਾਂ ਵਾਰੇ।
ਪਰ ਤੁਮ ਫੇਰ ਨਿਤਾ ਪ੍ਰਤ ਘੋਟਾ ਬਣਨਾ ਚਾਹੋ ਨਾਰੀ।
ਰੰਚਕ ਸ਼ਰਮ ਕਰੋ ਕਿਉਂ ਹੋਈ ਬੁਧੀ ਭ੍ਰਿਸ਼ਟ ਤੁਮਾਰੀ।
ਮੁੰਡਨ ਮਨ ਮਤ ਕਿਸੇ ਪੈਕੰਬਰ ਨਹੀਂ ਅਵਤਾਰ ਅਲਾਜਾ।
ਵੇਖੋ ਆਦ ਅਕਾਲ ਰੂਪ ਗੁਰ ਨਾਨਕ ਨੇ ਫੁਰਮਾਇਆ।
"ਜੋਗ ਨ ਬਾਹਰ ਮੜੀ ਮਸਾਣੀ ਜੋਗ ਨ ਤਾੜੀ ਲਾਈਏ।
ਜੋਗ ਨ ਮੁੰਡੀ ਮੁੰਡ ਮੁੰਡਾਈਏ ਜੋਗ ਨਾ ਤੀਰਥ ਨਾਈਏ।
ਨਾਨਕ ਜੀਵੰਦਿਆਂ ਮਰ ਰਹੀਏ ਐਸਾ ਜੋਗ ਕਮਾਈਏ।
ਅੰਜਨ ਮਾਂਹਿ ਨਿਰੰਜਨ ਰਹੀਏ ਜੋਗ ਜੁਗੀਤ ਇਵ ਪਾਈਏ।"
ਵਾਕ ਸੁਨੇ ਏਹ ਭਾਂਤ ਕਰਾਰੇ। ਉਤਰ ਦਜੋ ਨਾ ਸਾਧ ਵਿਚਾਰੇ।
ਮੁੰਡਨ ਕ੍ਰਿਆ ਸਿੰਘ ਜੀ ਖੰਡੀ।ਮਾਨਯੋ ਸ਼ੁਭ ਸਿਧਾਂਤ ਤ੍ਰਿਦੰਡੀ।
ਜਾਨੀ ਸ਼ਾਸਤ੍ਰੋਕ ਜਗ ਰੀਤੀ। ਤੁਰਤ ਤਬੈ ਪ੍ਰਤਗਜਾ ਕੀਤੀ।
ਮੈਂ ਨਾ ਕਬੀ ਮੁੰਡਨ ਕਰਵੈ ਹੋ। ਨਾਊ ਕੋ ਨਹੀਂ ਸੀਸ ਝੁਕੈ ਹੋਂ।।
ਮੇਰੇ ਸੰਸੇ ਆਜ ਬਿਨਾਸੇ। ਆਪਨੇ ਦੋਸ਼ ਭਲੀ ਬਿਧ ਭਾਸੇ।
ਚਰਮ ਅਸ਼ੁਧ ਸੁ ਛਿੱਤ੍ਰ ਗੰਦਾ। ਤਾਂ ਪਰ ਫਿਰੇ ਉਸਤ੍ਰਾ ਮੰਦਾ।

Sri Satguru Jagjit Singh Ji eLibrary NamdhariElibrary@gmail.com

ਸ਼ੋਕ! ਵਹੀ ਨਿਜਸੀਸ ਫਿਰਾਯੋ। ਕਬਹੂੰ ਰਿਦੇ ਵਿਚਾਰ ਨ ਆਯੋ।
ਨੀਤ ਅਪਾਵਨ ਨਿੰਦਤ ਮੁੰਡਨਾ। ਕਰਮੋ ਪ੍ਰਚਲਤ ਜੋ ਨਰ ਗੁੰਡਨ।
ਤਾਹੂੰ ਕੋ ਲੱਖ ਮੈਂ ਸ਼ੁਭ ਰੀਤੀ। ਕਰਤ ਰਹਿਓ ਹਾਂ! ਕਰੀ ਅਨੀਤੀ।
ਈਸ਼੍ਰ ਤ ਨੇ ਮੁਹਿ ਪੁਰਖ ਬਨਾਯੋ। ਸੁੰਦ੍ਰ ਦਾੜ੍ਹਾ ਕੇਸ ਸਜਾਯੋ।
ਮੁੰਡਨ ਕਰ ਮੈਂ ਸ਼ਕਲ ਬਿਗਾਰੀ। ਅਹੋ ਸ਼ੋਕ! ਬਣਨੇਹਿਤ ਨਾਰੀ।
ਮੋਹਿ ਨਿਕਾਰ ਬਾਰ ਸੌ ਜਾਨੋ। ਮਨ ਬਸ ਹ੍ਵੈ ਨਿਜਰੂਪ ਭੁਲਾਨੋ।

ਇਸ ਤਰਾਂ ਪਸਚਾਤਾਪ ਕਰਦਿਆਂ ਹੋਇਆਂ ਤਰਕਾ ਨੰਦ ਨੇ ਪ੍ਰਣ ਕੀਤਾ ਕਿ ਮੈਂ ਅਗੋਂ ਨੂੰ ਸਰੀਰ ਦਾ ਇਕ ਰੋਮ ਭੀ ਛੇਦਨ ਨਹੀਂ ਕਰਵਾਵਾਂਗਾ। ਉਸ ਨੂੰ ਇਸ ਤਰ੍ਹਾਂ ਸੱਚ ਵਲ ਝੁਕਦਿਆਂ ਵੇਖ ਭਾਈ ਵਿਵੇਕਾ ਸਿੰਘ ਹੋਰਾਂ ਕਿਹਾ—ਸੰਤ ਜੀ! ਜਿਵੇਂ ਆਪ ਮੁੰਡਨ ਦਾ ਤਿਆਗ ਕਰ ਬੈਠੇ ਹੋ ਇਸ ਤਰ੍ਹਾਂ ਜੇਕਰ ਵਿਦਾਂਤ ਦੇ ਰੁੱਖੇ ਅਤੇ ਹਾਨੀਕਾਰਕ ਫਿਲਸਫੇ ਨੂੰ ਤਿਆਗਕੇ ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਸਿਧਾਂਤ ਨੂੰ ਵਰਤੋਂ ਵਿਚ ਲਿਆਓ ਤਦ ਆਪ ਨੂੰ ਬਹੁਤ ਛੇਤੀ ਆਤਮਾਂ ਪਰਮਾਤਮਾਂ ਦੇ ਵਿਸ਼ੇਸ਼ ਸਬੰਧ ਦੀ ਸਮਝ ਔਣ ਨਾਲ ਸ੍ਵੈ-ਸਰੂਪ ਦਾ ਪਰਮ ਆਨੰਦ ਪਰਾਪਤ ਹੋਵੇ।

ਤਰਕਾ ਨੰਦ—ਮੈਂ ਲਗ ਭਗ ਸਾਰੇ ਵੇਦਾਂਤ ਸ਼ਾਸਤ੍ਰ ਪੜ੍ਹੇ ਹਨ, ਜਿਨ੍ਹਾਂ ਵਿਚ ਇਹੋ ਲਿਖਿਆ ਹੈ ਕਿ ਜੀਵ ਈਸ਼੍ਵਰ ਦੀ ਅਲਪੱਗਤਾ ਅਤੇ ਸਰਬੱਗਤਾ ਆਦਿਕ ਉਪਾਧੀਆਂ ਦਾ ਤਿਆਗ ਕਰਕੇ ਦੋਹਾਂ ਨੂੰ ਇਕ ਜਾਨਣ ਦਾ ਨਾਮ ਹੀ ਗਿਆਨ ਹੈ, ਏਸੇ ਵਾਸਤੇ ਅਸੀਂ ਵੇਦਾਂਤੀ ਲੋਕ ਦਿਨ ਰਾਤ 'ਅਹੰ ਬ੍ਰਹਮ ਅਸਮੀ' ਦੀ ਮੁਹਾਰਨੀ ਰਟਦੇ ਰਹਿੰਦੇ ਹਾਂ।

ਵਿਵੇਕਾ ਸਿੰਘ—ਪਰ ਕੀ ਅਜੇਹਾ ਕਰਨ ਨਾਲ ਆਪ

Sri Satguru Jagjit Singh Ji eLibrary NamdhariElibrary@gmail.com

ਨੂੰ ਕੁਝ ਰਸ ਭੀ ਆਗਿਆ ਹੈ ? ਯਾ ਅਜੇ ਤੀਕ ਆਪ ਦਾ ਮਨ ਸੰਕਲਪਾਂ ਦੀ ਘੋੜ-ਦੌੜ ਵਿਚ ਦੁੜੰਗੇ ਲਾ ਰਿਹਾ ਹੈ।

ਤਰਕਾਂ ਨੰਦ—ਸਿੰਘ ਜੀ, ਸੱਚੀ ਗੱਲ ਤਾਂ ਇਹ ਹੈ ਕਿ ਭਾਵੇਂ ਅਨੇਕਾਂ ਵਾਰੀ ਵੇਦਾਂਤ ਸ਼ਾਸਤ੍ਰ ਪੜ੍ਹੇ ਹਨ; ਪਰੰਤੂ ਮਨ ਦੀ ਚੰਚਲਤਾ ਨਹੀਂ ਮਿਟੀ ਅਤੇ ਬਹੁਤ ਸੋਚਣ ਪਰ ਭੀ ਇਸ ਅਸ਼ਾਂਨਤੀ ਦਾ ਕਾਰਨ ਮੇਰੀ ਸਮਝ ਵਿਚ ਨਹੀਂ ਆਯਾ।

ਵਿਵੇਕਾ ਸਿੰਘ—ਸੰਤ ਜੀ ! ਸੱਚੀ ਗੱਲ ਇਹ ਹੈ ਕਿ ਨਿਰਬਲ ਪੁਰਸ਼ ਆਪਣੇ ਸ਼ਤ੍ਰੂ ਦੀ ਉਪਾਧੀ ਨੂੰ ਭਾਵੇਂ ਦਲੀਲਾਂ ਨਾਲ ਉਸ ਤੋਂ ਵੱਖਰੀ ਭੀ ਸਮਝ ਲਵੇ, ਪਰੰਤੂ ਅਜੇਹਾ ਕਰਨ ਨਾਲ ਉਸ ਦੇ ਦੁਸ਼ਮਣ ਦੀ ਤਾਕਤ ਕੁਝ ਘਟ ਨਹੀਂ ਹੋ ਜਾਂਦੀ। ਜਿਵੇਂ ਬਿੱਲੀ ਨੂੰ ਸਿਰ ਤੇ ਪਹੁੰਚੀ ਵੇਖ ਕਬੂਤਰ ਦੇ ਅੱਖੀਂ ਮੀਟਕੇ ਉਸ ਨੂੰ ਚਲੀ ਗਈ ਸਮਝਣ ਨਾਲ ਉਸ ਦੀ ਜਾਨ ਨਹੀਂ ਬਚਦੀ, ਇਵੇਂ ਹੀ ਕੇਵਲ ਦਲੀਲਾਂ ਨਾਲ ਸੰਸਾਰ ਨੂੰ ਮਿਥਿਆ ਕਹਿਣ ਨਾਲ ਜੀਵ ਕਾਮ, ਕਰੋਧ ਦੇ ਪੰਜੇ ਵਿਚੋਂ ਨਹੀਂ ਬਚ ਸਕਦਾ। ਇਹ ਤਾਂ ਕੇਵਲ ਜ਼ਬਾਨੀ ਜਮਾਂ—ਖਰਚ ਹੈ। ਆਪ ਨੇ ਸੁਣਿਆ ਹੋਵੇਗਾ ਕਿ ਕੋਈ ਨਿਰਬੁਧ ਪੁਰਸ਼ ਇਕ ਨਦੀ ਤੋਂ ਪਾਰ ਹੋਣ ਸਮੇਂ ਨਦੀ ਦੇ ਡੂੰਘੇ ਅਤੇ ਪੇਤਲੇ ਪਾਣੀ ਨੂੰ ਹਿਸਾਬ ਨਾਲ ਇਕੋ ਜਿਹਾ ਸਮਝਕੇ ਆਪਣੇ ਬਾਲ ਬੱਚੇ ਸਹਿਤ ਠਿੱਲ ਪਿਆ, ਪ੍ਰੰਤੂ ਸਾਰੇ ਸੰਬੰਧੀਆਂ ਨੂੰ ਪਾਣੀ ਵਿਚ ਰੁੜ੍ਹੇ ਜਾਂਦੇ ਦੇਖ ਲੇਖੇ ਵਾਲਾ ਕਾਗਜ਼ ਕਢਕੇ ਕਹਿਣ ਲਗਾ "ਲੇਖਾ ਜਿਉਂ ਕਾ ਤਿਉਂ, ਟੱਬਰ ਡੁੱਬਾ ਕਿਉਂ ?" ਕੀ ਉਸ ਦਾ ਕਥਨ ਯਾ ਕਰਤੱਵਜ ਠੀਕ ਸੀ ?

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ—ਬਿਲਕੁਲ ਨਹੀਂ, ਉਸ ਦਾ ਕਥਨ ਅਤੇ ਕਰਤੱਵ ਦੋਵੇਂ ਅਯੋਗ ਹਨ। ਭਲਾ ਉਸ ਮੂਰਖ ਦੇ ਪਾਣੀ ਇਕੋ ਜੇਹਾ ਸਮਝਣ ਨਾਲ ਨਦੀ ਇਕੋ ਜੇਹੀ ਹੋ ਸਕਦੀ ਸੀ ?

ਵਿਵੇਕਾ ਸਿੰਘ—ਜਿਸ ਤਰਾਂ ਉਸ ਦੇ ਸਮਝਣ ਨਾਲ ਜਲ ਦੀ ਗਹਿਰਾਈ ਇਕੋ ਜੇਹੀ ਨਹੀਂ ਹੋ ਸਕਦੀ ਸੀ ਉਸੇ ਤਰ੍ਹਾਂ "ਅਹੰ ਬ੍ਰਹਮ ਅਸਮੀ" ਰਟਣ ਨਾਲ ਅਤੇ ਜੀਵ ਈਸ਼-ਵਰ ਦੀ ਅਲਪੱਗਤਾ ਸਰਬੱਗਤਾ ਰੂਪ ਉਪਾਧੀਆਂ ਦਲੀਲੀ ਤਿਆਗ ਕਰਕੇ ਕੋਈ ਬ੍ਰਹਮ ਸਰੂਪ ਨਹੀਂ ਹੋ ਸਕਦਾ। ਸਗੋਂ ਇਸ ਦਾ ਉਲਟਾ ਫਲ ਏਹ ਹੁੰਦਾ ਹੈ ਕਿ ਆਪਣੇ ਆਪ ਨੂੰ ਬ੍ਰਹਮ ਸਮਝਣ ਵਾਲੇ ਸ਼ੇਖ ਚਿੱਲੀ ਸੁਤੰਤ੍ਰ ਹੋਕੇ, ਇੰਦਰੇ ਰਸਾਂ ਦੇ ਅਧੀਨ ਹੋ ਨਾਸਤਕ ਬਣ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੇ ਸੁਧਰਣ ਦੀ ਭੀ ਕੋਈ ਆਸ ਨਹੀਂ ਰਹਿੰਦੀ। ਕਿਉਂਕਿ ਧਰਮ ਸ਼ਾਸਤਰਾਂ ਦਾ ਕਥਨ ਹੈ:—

ਗਿਆਨੰ ਮਦ ਦਰਪ ਹਰੰ ਮਦਿਯਤਿ ਯਸਤੇ :ਨਤਸਿਯ: ਕੋ ਵੈਦਿਯਾ ਅੰਮ੍ਰਤੁੰ ਯੱਸ ਵਿਖਾਇਤ ਤਸਿਯਚਕਿਤਸਾਕਥੰ—

—ਕ੍ਰੀਯਤਃ

ਅਰਥਾਤ ਨਾਮ ਅਭਿਆਸ ਵਾਲੇ ਮਹਾਂ ਪੁਰਸ਼ਾਂ ਦੇ ਦਸੇ ਤ੍ਰੀਕੇ ਅਨੁਸਾਰ ਗਿਆਨ ਪ੍ਰਾਪਤ ਕਰਕੇ, ਜੀਵ ਦੇ ਮਹਾਂ ਸ਼ੱਤਰੂ ਕਾਮ, ਕ੍ਰੋਧ ਆਦਿ ਔਗਣ ਨਸ਼ਟ ਹੋ ਜਾਂਦੇ ਹਨ। ਪ੍ਰੰਤੂ ਅਜੇਹਾ ਨ ਕਰਨ ਵਾਲੇ ਦਲੀਲੀ ਸ਼ਾਹ ਬਣਨ ਦੇ ਚਾਗਾਹਵਾਨਾਂ ਨੂੰ 'ਅਹੰ ਬ੍ਰਹਮ ਅਸਮੀ' ਦੀ ਮੁਹਾਰਨੀ ਰਟਨ ਨਾਲ ਉਲਟਾ ਕਾਮ ਕ੍ਰੋਧ ਆਦਿ ਵਿਸ਼ੇ ਆ ਘੇਰਦੇ ਹਨ। ਅਤੇ ਉਨ੍ਹਾਂ ਨੂੰ ਏਹ ਅਸਾਧ ਰੋਗ ਅਜੇਹਾ ਚੰਬੜਦਾ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਸਾਧਾਰਣ ਯਤਨ ਨਾਲ ਉਸ ਦੇ ਨਵਿਰਤ ਹੋਣ ਦੀ ਕੋਈ ਆਸ ਨਹੀਂ ਰਹਿੰਦੀ। ਓਹ ਸਮਝਦੇ ਹਨ ਕਿ ਅਸੀਂ ਜੀਵਨ ਮੁਕਤ ਹਾਂ, ਪ੍ਰੰਤੂ ਅਸਲ ਵਿੱਚ ਅਜੇਹੇ ਲੋਕ ਤ੍ਰਿਗੁਣੀ ਮਾਇਆ ਦੇ ਵਚਿੱਤ੍ਰ ਮੋਹ ਜਾਲ ਦੀ ਨੀਂਦ ਵਿੱਚ ਸੁੱਤੇ ਹੋਏ ਬਰੜਾ ਰਹੇ ਹੁੰਦੇ ਹਨ ਅਤੇ ਉਨ੍ਹਾਂ ਦੀ ਏਹ ਜਾਗ ਉਸ ਵੇਲੇ ਖੁਲ੍ਹਦੀ ਹੈ ਜਦੋਂ ਬਲੀ ਕਾਲ ਦਾ ਮੌਤ ਰੂਪੀ ਡੰਡਾ ਅਚਾਨਕ ਹੀ ਸਿਰ ਵਿਚ ਆ ਲਗਦਾ ਹੈ।

ਤਰਕਾ ਨੰਦ—ਤਦ ਕੀ ਬਣੌਟੀ ਬ੍ਰਹਮ ਗਿਆਨੀ ਵਿਸ਼ੇ ਰੋਗ ਵਿਚ ਗ੍ਰਸੇ ਜਾਕੇ ਅੰਤ ਕਾਲ ਦੇ ਹੀ ਪੰਜੇ ਵਿਚ ਫਸਦੇ ਹਨ ?

ਵਿਵੇਕਾ ਸਿੰਘ—ਇਸ ਵਿੱਚ ਸ਼ਕ ਹੀ ਕੀ ਹੈ ਵੇਖੋ ਦਸਮੇਸ਼ ਪਿਤਾ ਜੀ ਫ਼ੁਰਮੌਂਦੇ ਹਨ:—

**ਅੰਗਨਾ ਅਧੀਨ ਕਾਮ ਕ੍ਰੋਧ ਮੇਂ ਪ੍ਰਬੀਨ**
**ਬ੍ਰਹਮ ਗਿਆਨ ਕੇ ਬਿਹੀਨ ਛੀਨ**
**ਕੈਸੈ ਕੈ ਤਰੱਤ ਹੈ। ਤਥਾ:—**
**ਕਾਮਨਾ ਅਧੀਨ ਪਰੇ ਨਾਚਤ ਹੈ**
**ਨਾਚਨ ਜਿਉਂ ਬ੍ਰਹਮ ਗਿਆਨ ਹੀਨ**
**ਕੈਸੇ ਬ੍ਰਹਮ ਲੋਕ ਪਾਵਈ।**

(ਗਿਆਨ ਪ੍ਰਬੋਧ ਸ੍ਰੀ ਮੁਖਵਾਕ ਪਾ: ੧੦)

ਤਰਕਾ ਨੰਦ—(ਨਿਰਾਸ ਹੋਕੇ) ਤਦ ਕੀ ਸਾਡੀ ਕਲਿਆਣ ਦਾ ਕੋਈ ਉਪਾ ਹੀ ਨਹੀਂ ?

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ–ਸੰਤ ਜੀ ! ਪੁਰਾਤਨ ਸ਼ਾਸਤ ਤਾਂ ਅਜੇਹੀ ਦਸ਼ਾ ਵਿਚ ਆਪਣੀ ਬੇ ਵਾਹੀ ਪ੍ਰਗਟ ਕਰਦੇ ਹਨ। ਪ੍ਰੰਤੂ ਪਰਮ ਗੁਰੂ ਨਾਨਕ ਦਾ ਦਰਵਾਜ਼ਾ ਅਜੇਹੇ ਅਸਾਧ ਰੋਗੀਆਂ ਲਈ ਭੀ ਖੁਲਾ ਹੈ। ਜਿਸ ਵਿਚ ਕੁਝ ਸਾਧਾਰਣ ਸ਼ਰਤਾਂ ਪ੍ਰਵਾਨ ਕਰਕੇ ਰੋਗੀ ਨੂੰ ਦਾਖਲ ਕਰਲਿਆ ਜਾਂਦਾ ਹੈ।

ਤਰਕਾ ਨੰਦ–ਕੀ ਓਹ ਸ਼ਰਤਾਂ ਆਪ ਕ੍ਰਿਪਾ ਪੂਰਬਕ ਦਸ ਸਕਦੇ ਹੋ ?

ਵਿਵੇਕਾ ਸਿੰਘ–ਜੀ ਹਾਂ ! ਸਭ ਤੋਂ ਪਹਿਲਾਂ ਆਤਮ ਗਆਨ ਦੇ ਚਾਹਵਾਨ ਨੂੰ ਅੰਮ੍ਰਤ ਪਾਨ ਕਰਨਾ ਪੈਂਦਾ ਹੈ। ਦਸਮੇਸ਼ ਪਿਤਾ ਵਾਲੀਏ ਦੋ ਜਹਾਨ ਨੇ ਪਵਿੱਤ੍ਰ ਅੰਮ੍ਰਤ ਵਿਚ ਓਹ ਸ਼ਕਤੀ ਪਰੀ ਪੂਰਨ ਕੀਤੀ ਹੈ ਜਿਸ ਨਾਲ ਵਾਹਿਗੁਰੂ ਪਿਆਰ ਤੋਂ ਸੱਖਣੇ,ਇੰਦ੍ਰੀਆਂ ਦੇ ਵਿਸ਼ੇ ਅਧੀਨ ਹੋ ਚੁਕੇ ਕਾਲ ਦੀਆਂ ਦਾੜ੍ਹਾਂ ਵਿੱਚ ਫਸੇ ਹੋਏ ਜੀਵ ਅਸਾਧ ਰੋਗ ਤੋਂ ਛੁਟਕਾਰਾ ਪਾਕੇ ਨਵਾਂ ਜੀਵਨ ਪ੍ਰਾਪਤ ਕਰਦੇ ਹਨ।

ਤਰਕਾ ਨੰਦ–ਕੀ ਅੰਮ੍ਰਤ ਛਕੇ ਬਿਨਾਂ ਗੁਰੂ ਜੀ ਦਾ ਉਪਦੇਸ਼ ਕੋਈ ਫਲ ਨਹੀਂ ਦਿੰਦਾ ?

ਵਿਵੇਕਾ ਸਿੰਘ-ਨਹੀਂ, ਜਿਵੇਂ ਪਿਤਾ ਦੀ ਸੰਪਤੀ ਵਿਚੋਂ ਉਸ ਦੇ ਪੁਤ੍ਰਾਂ ਨੂੰ ਹੀ ਹਿੱਸਾ ਮਿਲਦਾ ਹੈ, ਓਸੇ ਤਰਾਂ ਜਦੋਂ ਤੀਕ ਪੁਰਸ਼ ਅੰਮ੍ਰਿਤ ਛਕਕੇ ਗੁਰੂ ਜੀ ਦੀ ਨਾਦੀ ਸੰਤਾਨ ਨਹੀਂ ਬਣ ਜਾਂਦਾ ਤਦੋਂ ਤੀਕ ਇਹ ਜੀਵ ਉਸ ਰੱਬੀ ਦਾਤ ਦੇ ਖਜ਼ਾਨੇ ਵਿਚੋਂ ਬਖਸ਼ਸ਼ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੁੰਦਾ।

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ—ਸਤ ਬਚਨ ! ਮੈਂ ਅੰਮ੍ਰਤ ਛਕਣ ਲਈ ਤਿਆਰ ਹਾਂ।

ਵਿਵੇਕਾ ਸਿੰਘ—ਬਹੁਤ ਅੱਛਾ ! ਪਰੰਤੂ ਅੰਮ੍ਰਤ ਛਕਣ ਤੋਂ ਪਹਿਲਾ ਆਪ ਨੂੰ ਪੰਚ ਕਕਾਰ ਧਾਰਨ ਕਰਕੇ ਕੇਸਾਂ ਸਵਾਸਾਂ ਤਕ ਨਿਭਾਣ ਦਾ ਪ੍ਰਣ ਕਰਨਾਂ ਪਏਗਾ।

ਤਰਕਾ ਨੰਦ—ਸਿੰਘ ਜੀ ! ਭਲਾ ਕੰਘਾ ਤਾਂ ਕੇਸਾਂ ਨੂੰ ਸ਼ੁਧ ਰਖਣ ਲਈ ਇਕ ਜ਼ਰੂਰੀ ਵਸਤੂ ਹੈ, ਪਰੰਤੂ ਸਤੋ ਗੁਣੀ ਬ੍ਰਿਤੀ ਵਾਲੇ ਪੁਰਸ਼ਾਂ ਨੂੰ ਕ੍ਰਿਪਾਨ ਧਾਰਨ ਕਰਕੇ ਸ਼ਸਤ੍ਰਧਾਰੀ ਬਣਨ ਦੀ ਕੀ ਲੋੜ ਹੈ ?

ਵਿਵੇਕਾ ਸਿੰਘ—ਜਿਵੇਂ ਗ੍ਰਿਹਸਤੀ ਲਈ ਆਪ ਇਸ ਦਾ ਹੋਣਾ ਸਮਝਦੇ ਹੋ ਓਸੇ ਤਰ੍ਹਾਂ ਬ੍ਰਹਮਚਾਰੀ, ਬਾਣ ਪ੍ਰਸਤ ਅਤੇ ਸੰਨਿਆਸੀ ਨੂੰ ਭੀ ਕ੍ਰਿਪਾਨ ਧਾਰਨ ਕਰਨੀ ਬਹੁਤ ਜ਼ਰੂਰੀ ਹੈ।

ਤਰਕਾ ਨੰਦ—ਸੰਨਿਆਸੀ ਲਈ ਕ੍ਰਿਪਾਨ ਦੀ ਅਵਸ਼-ਕਤਾ ਵਾਲਾ ਖਿਆਲ ਬਹੁਤ ਬੇਲੋੜਵਾਂ ਤੇ ਅਯੋਗ ਪਰਤੀਤ ਹੁੰਦਾ ਹੈ, ਕਿਉਂਕਿ ਪੁਰਾਣੇ ਆਚਾਰਯਾਂ ਨੇ ਕਿਧਰੇ ਭੀ ਅਜਿਹਾ ਕਰਨ ਦੀ ਆਗਯਾ ਨਹੀਂ ਦਿਤੀ।

ਵਿਵੇਕਾ ਸਿੰਘ—ਸੰਤ ਜੀ ! ਗੁਰਮਤ ਸਿਧਾਂਤ ਦਵਾਰਾ ਕ੍ਰਿਪਾਨ ਦੀ ਮਨੁਖ ਮਾਤਰ ਨੂੰ ਅਵੱਸ਼ਕੱਤਾ ਤਾਂ ਫੇਰ ਸਿਧ ਕਰਾਂਗਾ ਪਹਿਲਾਂ ਹਿੰਦੂਆਂ ਦੇ ਮੰਨ ਪਰਮੰਨੇ ਧਰਮ ਪੁਸਤਕ ਮਨੂ ਸਿਮ੍ਰਤੀ ਦਾ ਸਿਧਾਂਤ ਆਪ ਦੀ ਭੇਟਾ ਕਰਦਾ ਹਾਂ, ਧਿਆਨ ਨਾਲ ਸੁਣੋ:—

Sri Satguru Jagjit Singh Ji eLibrary NamdhariElibrary@gmail.com

ਸਕੇਸ਼ਾਂ ਨਖ ਸਮਸ੍ ਪਾਤ੍ਰੀ ਦੰਡੀ ਕਸੁੰਭਵਾਨੁ ॥
(ਮਨੂ ਅ: ੬, ਮੰਤ੍ ੫੨)

ਅਰਥਾਤ ਮੋਖਸ਼ ਦੀ ਇਛਾ ਵਾਲਾ ਸੰਨਿਆਸੀ ਕੇਸ਼, ਦਾਹੜਾ ਅਤੇ ਨਖਾਂ ਸਹਿਤ ਪੀਲੇ ਬਸਤਰ ਪਹਿਰਕੇ ਦੰਡ ਕਮੰਡਲ ਧਾਰਣ ਕਰ ਇਕਾਗਰ ਮਨ ਨਿਰਭੈ ਵਿਚਰੇ !

ਕੀ ਆਪ ਦਸ ਸਕਦੇ ਹੋ ਕਿ ਸੰਸਾਰ ਸਬੰਧ ਤਿਆਗ ਚੁਕੇ ਸੰਨਿਆਸੀ ਲਈ ਦੰਡ (ਡੰਡਾ) ਧਾਰਣ ਕਰਨ ਦੀ ਕੀ ਲੋੜ ਹੈ ?

ਤਰਕਾ ਨੰਦ—ਸੰਨਿਆਸੀ ਨੂੰ ਦੰਡ ਧਾਰਨ ਕਰਨਾ ਇਸ ਲਈ ਜ਼ਰੂਰੀ ਹੈ ਕਿ ਪਿੰਡਾਂ ਵਿਚ ਭਿਖਿਆ ਨਮਿਤ ਜਾਣ ਸਮੇਂ ਕੁਤੇ ਆਦਿਕ ਹਾਨੀਕਾਰਕ ਜੀਵਾਂ ਤੋਂ ਆਪਣੀ ਰਖਜਾ ਕੀਤੀ ਜਾ ਸਕੇ ਅਤੇ ਤੀਰਥ ਯਾਤਰਾ ਕਰਨ ਹਿਤ ਗੈਹਬਰ ਬਨਾਂ ਵਿਚੋਂ ਲੰਘਣ ਸਮੇਂ, ਸੰਨਿਆਸੀ ਨੂੰ ਚਿਤਰੇ ਸ਼ੇਰ ਬਘਿਆੜ ਆਦਿ ਮਾਸ ਭੱਖੀ ਪਸ਼ੂਆਂ ਦਾ ਭੈ ਨ ਰਹੇ, ਕਿਉਂਕਿ 'ਸੋਟਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ'। ਏਸੇ ਕਰਕੇ ਮਨੂੰ ਜੀ ਨੇ ਸਨਿਆਸੀ ਨੂੰ ਦੰਡ ਰਖਣ ਦੀ ਆਗਿਆ ਕੀਤੀ ਹੈ।

ਵਿਵੇਕਾ ਸਿੰਘ—ਸੰਤ ਜੀ ! ਕੁਤੇ ਆਦਿਕ ਸਾਧਾਰਣ ਜੰਤੂਆਂ ਨੂੰ ਤਾਂ ਦੰਡ ਨਾਲ ਡਰਾਇਆ ਜਾ ਸਕਦਾ ਹੈ, ਪਰੰਤੂ ਚਿਤਰੇ ਸ਼ੇਰ ਆਦਿ ਭਿਆਨਕ ਬਨ ਪਸ਼ੂ ਇਕ ਸਾਧਾਰਣ ਸੋਟੇ ਦੀ ਕੀ ਪਰਵਾਹ ਕਰਦੇ ਹਨ, ਆਪ ਨੇ ਕਦੀ ਇਹ ਭੀ ਸੁਣਿਆਂ ਹੈ ਕਿ ਸ਼ਕਾਰੀ ਲੋਕ ਕੇਵਲ ਡੰਡਾ ਲੈਕੇ ਹੀ ਸ਼ੇਰ

Sri Satguru Jagjit Singh Ji eLibrary NamdhariElibrary@gmail.com

ਆਦਿਕਾਂ ਦਾ ਮੁਕਾਬਲਾ ਕਰਨ ਲਈ ਜੰਗਲਾਂ ਵਿਚ ਚਲੇ ਜਾਂਦੇ ਹਨ ?

ਤਰਕਾ ਨੰਦ—ਨਹੀਂ ! ਸ਼ਿਕਾਰੀ ਲੋਕ ਤਾਂ ਬੰਦੂਕ ਭਾਲੇ,ਤਲਵਾਰ ਆਦਿ ਨਾਲ ਚੰਗੀ ਤਰ੍ਹਾਂ ਸਨਧਬਧ ਹੋਕੇ ਸ਼ਿਕਾਰ ਲਈ ਨਿਕਲਦੇ ਹਨ।

ਵਿਵੇਕਾ ਸਿੰਘ—ਕਿਉਂ ! ਉਨ੍ਹਾਂ ਨੂੰ ਇਤਨੇ ਸ਼ਸਤਰਾਂ ਦੀ ਕੀ ਲੋੜ ਹੈ ?

ਤਰਕਾ ਨੰਦ—ਕਿਉਂਕਿ ਜੰਗਲੀ ਬਨ ਪਸ਼ੂ ਭਿਆਨਕ ਹੋਣ ਕਰਕੇ ਸਾਧਾਰਨ ਸ਼ਸਤਰਾਂ ਤੋਂ ਨਹੀਂ ਡਰਦੇ ਅਤੇ ਨਾਂ ਹੀ ਸ਼ਸਤਰਾਂ ਤੋਂ ਬਿਨਾਂ ਮਾਰੇ ਜਾ ਸਕਦੇ ਹਨ।

ਵਿਵੇਕਾ ਸਿੰਘ—ਪਰ ਕੀ ਜੰਗਲੀ ਜਾਨਵਰ ਅਛੇ ਖਾਸੇ ਗਿਆਨ ਵਾਨ ਭੀ ਹੁੰਦੇ ਹਨ, ਜੋ ਸ਼ਿਕਾਰੀਆਂ ਦਾ ਤੇ ਡਟਕੇ ਮੁਕਾਬਲਾ ਕਰਦੇ ਹਨ, ਅਤੇ ਸੰਨਿਆਸੀ ਦੇ ਕੇਵਲ ਡੰਡੇ ਤੋਂ ਹੀ ਡਰਕੇ ਨੱਸ ਜਾਂਦੇ ਹਨ ?

ਦੋਹਿਰਾ ॥

ਪ੍ਰਬਲ ਪ੍ਰਸ਼ਨ ਇਹ ਭਾਂਤ ਸੁਨ ਉਡੇ ਸਾਧ ਕੇ ਹੋਸ਼।<br>
ਅਪਨੀ ਦਿਸ ਲਾਗੋ ਪਿਖਨ ਹੋਇ ਅਤਿਯੰਤ ਖਾਮੋਸ਼।

ਤਰਕਾ ਨੰਦ—(ਸ਼ਰਮਾਕੇ) ਇਸ ਤਰ੍ਹਾਂ ਤਾਂ ਤੁਹਾਡਾ ਸਿਧਾਂਤ ਮਾਨਨੀਯ ਹੈ। ਸੰਨਿਆਸੀ ਨੂੰ ਜ਼ਰੂਰ ਕ੍ਰਿਪਾਨ ਧਾਰੀ ਹੋਣਾ ਚਾਹੀਦਾ ਹੈ, ਪਰੰਤੂ ਮਨੂੰ ਜੈਸੇ ਸਿਆਨੇ ਪੁਰਸ਼ ਨੇ ਸੰਨਿਆਸੀਆਂ ਨੂੰ ਕ੍ਰਿਪਾਨ ਰਖਣ ਦੀ ਆਗਿਆ ਕਿਉਂ ਨਹੀਂ ਦਿਤੀ ?

ਵਿਵੇਕਾ ਇੰਘ—ਸੰਤ ਜੀ ! ਪੁਰਾਣੇ ਧਾਰਮਕ ਨਿਯਮਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਏਹੋ ਤਾਂ ਤਰੁਟੀਆਂ ਸਨ, ਜਿਨ੍ਹਾਂ ਨੂੰ ਪੂਰਨ ਕਰਨ ਲਈ (ਨਾਨਕ ਗੁਰੂ ਗੋਬਿੰਦ ਸਿੰਘ ਜੀ ਨੂੰ ਦਸ ਜਾਮੇਂ ਧਾਰਨ ਕਰ, ਸੰਸਾਰ ਨੂੰ ਸਿਧਾ ਮਾਰਗ ਦਰਸਾਉਣ ਲਈ ਕਠਨ ਦੁਖ ਝਲਣੇ ਪਏ।

ਪ੍ਰੰਤੂ ਸ਼ੋਕ ! ਪੱਥਰਾਂ ਅਗੇ ਮਥੇ ਰਗੜਕੇ ਪੱਥਰ ਦਿਲ ਹੋ ਚੁਕੇ ਭਾਰਤ ਵਾਸੀ ਅਜੇ ਤੀਕ ਸਤਿਗੁਰੂ ਜੀ ਦੇ ਪਰਮ ਉਚ ਪਵਿਤਰ ਸਿਧਾਂਤ ਨੂੰ ਸਮਝ ਹੀ ਨਹੀਂ ਸਕੇ।

ਤਰਕਾ ਨੰਦ—ਅੱਛਾ, ਇਹ ਤਾਂ ਮੰਨਿਆਂ ਕਿ ਵਿਦੇਸ਼ ਰਟਨ ਕਰਨ ਵਾਲੇ ਸੰਨਿਆਸੀ ਨੂੰ ਕ੍ਰਿਪਾਨ ਰਖਣੀ ਜ਼ਰੂਰੀ ਹੈ, ਪ੍ਰੰਤੂ ਪਿੰਡਾਂ ਵਿਚ ਰਹਿਣ ਵਾਲੇ ਗ੍ਰਹਿਸਤੀ ਨੂੰ ਇਸ ਦੀ ਕੀ ਲੋੜ ਹੈ ?

ਵਿਵੇਕਾ ਸਿੰਘ—ਸੰਤ ਜੀ ਆਪ ਭੀ ਕੇਹੇ ਉਚਾਵੇਂ ਚੁਲ੍ਹੇ ਹੋ, ਪਹਿਲੇ ਫੁਰਮਾ ਰਹੇ ਸਾਉ ਕਿ ਸੰਨਿਆਸੀ ਨੂੰ ਕ੍ਰਿਪਾਨ ਦੀ ਲੋੜ ਨਹੀਂ ਹੁਣ ਗ੍ਰਹਿਸਤੀ ਲਈ ਇਸ ਨੂੰ ਬੇਲੋੜਵੇਂ ਦੱਸ ਰਹੇ ਹੋ।

ਤਰਕਾ ਨੰਦ—ਅਸਲ ਵਿਚ ਮੈਂ ਚਾਹੁੰਦਾ ਹਾਂ ਕਿ ਇਕੋ ਵਾਰੀ ਸਾਰੇ ਸ਼ੰਕੇ ਨਿਰਵਿਰਤ ਕਰਕੇ ਪੰਚ ਕਕਾਰ ਦਾ ਪੱਕਾ ਧਾਰਨੀ ਬਣ ਜਾਵਾਂ।

ਵਿਵੇਕਾ ਸਿੰਘ—ਬਹੁਤ ਅਛਾ ! ਵਾਹਿਗੁਰੂ ਆਪ ਦਾ ਸ਼ੁਧ ਸੰਕਲਪ ਪੂਰਨ ਕਰੇ।

ਪਰ ਆਪ ਇਹ ਤਾਂ ਦਸੋ, ਕੀ ਗ੍ਰਹਿਸਤੀ ਨੂ ਆਪਣੇ ਕਾਰ ਵਿਵਹਾਰ ਦੀ ਸਿਧੀ ਲਈ ਬਿਖੜੇ ਬਨਾਂ ਪਰਬਤਾਂ ਵਿਚੋਂ ਨਹੀਂ ਲੰਘਣਾ ਪੈਂਦਾ।

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ–ਹਾਂ, ਯਾਦ ਆ ਗਿਆ, ਆਪਣੇ ਪਰਵਾਰ ਦੀ ਉਦਰ ਪੂਰਨਾਂ ਲਈ ਗ੍ਰਿਹਿਸਤੀ ਨੂੰ ਬਿਉਪਾਰ ਅਥਵਾ ਨੌਕਰੀ ਹਿਤ ਸੰਨਿਆਸੀ ਤੋਂ ਭੀ ਵਧੀਕ ਸਫਰ ਕਰਨੇ ਪੈਂਦੇ ਹਨ। ਪ੍ਰੰਤੂ ਜਿਨ੍ਹਾਂ ਦਾ ਘਰ ਵਿਚ ਹੀ ਗੁਜ਼ਾਰਾ ਅੱਛਾ ਚਲਦਾ ਹੈ, ਅਜਿਹੇ ਗ੍ਰਿਹਿਸਤੀ ਤਾਂ ਕ੍ਰਿਪਾਨ ਤੋਂ ਬਰੀ ਹੋਣੇ ਚਾਹੀਦੇ ਹਨ।

ਵਿਵੇਕਾ ਸਿੰਘ–ਇਹ ਕਿਉਂ ? ਕੀ ਧਨ ਖਾਤਰ ਗ੍ਰਿਹਿਸਤੀਆਂ ਨੂੰ ਚੋਰਾਂ ਡਾਕੂਆਂ ਅਤੇ ਹੋਰ ਵਿਰੋਧੀਆਂ ਤੋਂ ਸ੍ਵੈਰਖਿਆ ਦੀ ਲੋੜ ਨਹੀਂ ?

ਤਰਕਾ ਨੰਦ–(ਹੈਰਾਨ ਹੋਕੇ) ਹਾਂ ! ਇਹ ਤਾਂ ਠੀਕ ਹੈ?

ਵਿਵੇਕਾ ਸਿੰਘ–ਬੱਸ ਏਹੋ ਕਾਰਨ ਹੈ ਕਿ ਵਰਤਮਾਨ ਸਮੇਂ ਆਮ ਜਨਤਾ ਦੇ ਸ਼ਸਤਰ ਹੀਨ ਹੋਣ ਕਰਕੇ, ਇਸ ਵੇਲੇ ਚੋਰਾਂ ਡਾਕੂਆਂ ਅਤੇ ਰਾਹ ਮਾਰਾਂ ਦੇ ਹੌਸਲੇ ਵਧਦੇ ਜਾ ਰਹੇ ਹਨ, ਅਤੇ ਅਜਿਹੇ ਪੰਜ ਸਤ ਦੁਸ਼ਟ ਮਿਲਕੇ ਦਿਨ ਦੀਵੀਂ ਨਿਹੱਥੀ ਪਰਜਾ ਨੂੰ ਸ਼ਸਤਰਾਂ ਦਾ ਭੈ ਵਿਖਾਕੇ ਲੁਟ ਖੜਦੇ ਹਨ, ਜੇਕਰ ਲਾਗੇ ਦੀ ਪੁਲੀਸ ਨੂੰ ਖਬਰ ਦਿਤੀ ਭੀ ਜਾਂਦੀ ਹੈ, ਤਦ ਉਨ੍ਹਾਂ ਦੇ ਮੌਕੇ ਪਰ ਪਹੁੰਚਣ ਤੋਂ ਪਹਿਲਾਂ ਹੀ ਨਿਰਬਲ ਪਰਜਾ ਦਾ ਸਰਵਸ੍ਵ ਨਸ਼ਟ ਕਰਕੇ ਦੁਸ਼ਟ ਧਾੜਵੀ ਪੱਤਰਾ ਵਾਚ ਜਾਂਦੇ ਹਨ ਅਤੇ ਸ਼ਹਿਨਸ਼ਾਹ ਸਲਾਮਤ ਦੀ ਪੁਲੀਸ ਗਰੀਬ ਪੇਂਡੂਆਂ ਪਰ ਹੀ ਗੁਸਾ ਕਢਣਾ ਆਰੰਭ ਕਰ ਦੇਂਦੀ ਹੈ, ਜੇਕਰ ਆਮ ਲੋਕ ਸ਼ਸਤ੍ਰਧਾਰੀ ਸ਼ਸਤ੍ਰ ਅਭਿਆਸੀ ਹੋਣ, ਤਦ ਲੁਚੇ ਗੁੰਡੇ ਬਦਮਾਸ਼ ਧਾੜਵੀਆਂ ਦੀ ਕੀ ਮਜਾਲ ਹੈ ਕਿ ਅਮਨ ਦੀ

Sri Satguru Jagjit Singh Ji eLibrary NamdhariElibrary@gmail.com

ਚਾਹਦਾਨ ਦਲੇਰ ਪਰਜਾ ਵਲ ਗੈਹਰੀ ਅਖੀਂ ਵੇਖ ਭੀ ਸਕਣ।

ਤਰਕਾ ਨੰਦ—ਇਸ ਤਰ੍ਹਾਂ ਤਾਂ ਹਰ ਇਕ ਗ੍ਰਿਹਸਤੀ ਕੋਲ ਹਰ ਸਮੇਂ ਕ੍ਰਿਪਾਨ ਦਾ ਹੋਣਾ ਜ਼ਰੂਰੀ ਹੈ।

ਵਿਵੇਕਾ ਸਿੰਘ—ਇਸ ਵਿਚ ਕੀ ਸ਼ਕ ਹੈ। ਬ੍ਰਿਟਸ਼ ਸਰਕਾਰ ਦੇ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾਉਣ ਸਮੇਂ ਬੇਸਮਝ ਲੋਕਾਂ ਨੇ ਬੇਸ਼ਕ ਕਾਹਲੀ ਕਰਕੇ ਸ਼ਸਤ੍ਰ ਤਿਆਗ ਦਿਤੇ ਸਨ, ਪਰੰਤੂ ਵਰਤਮਾਨ ਸਮੇਂ ਚੋਰੀਆਂ, ਡਾਕਿਆਂ ਦੀ ਗਿਣਤੀ ਵਧਦੀ ਜਾਂਦੀ ਵੇਖਕੇ ਹਰ ਇਕ ਅਮਨ ਪਸੰਦ ਸ਼ਹਿਰੀ ਅਤੇ ਪੇਂਡੂ ਨੂੰ ਸ਼ਸਤ੍ਰਾਂ ਦੀ ਭਾਰੀ ਲੋੜ ਪਰਤੀਤ ਹੋ ਰਹੀ ਹੈ ਕਿਉਂਕਿ ਸ਼ਸਤ੍ਰ ਹੀਣ ਲੋਕਾਂ ਦੇ ਮਨ ਇਤਨੇ ਨਿਰ-ਬਲ ਹੋ ਚੁਕੇ ਹਨ ਕਿ ਉਨ੍ਹਾਂ ਨੂੰ ਆਪਣੀ ਹਸਤੀ ਹੀ ਭੁਲ ਚੁਕੀ ਹੈ, ਜਿਹਾ ਕੁ ਥੋੜੇ ਚਿਰ ਦੀ ਗੱਲ ਹੈ ਇਕ ਪਿੰਡ ਵਿਚ ਪਿਤਾ ਪੁਤਰ ਆਪਨੀ ਹੱਟੀ ਪਰ ਸੁਤੇ ਹੋਏ ਸਨ, ਲਗ ਭਗ ਅੱਧੀ ਰਾਤ ਦੇ ਸਮੇਂ ਅੰਦਰ ਖੜਾਕ ਹੁੰਦਾ ਸੁਣਕੇ ਦੋਵੇਂ ਜਾਗੇ। ਕੀ ਵੇਖਦੇ ਹਨ ਸ਼ਸਤ੍ਰ ਧਾਰੀ ਚੋਰ ਸਿਰ ਪਰ ਖਲੋਤਾ ਹੋਇਆ ਹੈ, ਜਿਸ ਨੂੰ ਵੇਖ ਇਨ੍ਹਾਂ ਨੇ ਚਾਹਿਆ ਕਿ ਰੌਲਾ ਪਾਈਏ(ਕਿਉਂਕਿ ਨਿਹੱਥੇ ਹੋਣਕਰਕੇ ਹੋਰਤਾਂ ਕੁਝਕਰਹੀਨਹੀਂ ਸਕਦੇ ਸਨ) ਪਰੰਤੂਚੋਰ ਨੇ ਲਲਕਾਰਕੇਕਿਹਾ-'ਖਬਰਦਾਰ,ਚੁਪ ਰਹੋ, ਜੇਕਰ ਇਕ ਲਫਜ਼ ਭੀ ਮੂੰਹੋਂ ਕਢਿਆ ਤਾਂ ਦੋ ਦੇ ਚਾਰ ਕਰ ਦੇਵਾਂਗਾ।' ਜਿਸ ਨੂੰ ਸੁਣਕੇ ਦੋਵੇਂ ਬਹਾਦਰ ਸਹਿਮਕੇ, ਐਉਂ ਚੁਪ ਕਰ ਗਏ ਜਿਉਂ ਬਿੱਲੀ ਨੂੰ ਵੇਖਕੇ ਕਬੂਤਰ। ਇਸ ਅਰਸੇ ਵਿਚ ਚੋਰ ਇਨ੍ਹਾਂ ਦੀ ਰਖੀ ਰਖਾਈ ਪੂੰਜੀ ਲੈਕੇ ਰਾਹ

Sri Satguru Jagjit Singh Ji eLibrary NamdhariElibrary@gmail.com

ਪਿਆ, ਦਿਨ ਚੜ੍ਹੇ ਲੋਕਾਂ ਪੁਛਿਆ—'ਕਿਉਂ ਭਈ ਚੋਰ ਇਕ ਸੀ ਕਿ ਦੋ ਚਾਰ ?' ਤਦ ਹੱਟੀ ਵਾਲੇ ਉਤ੍ਰ ਦਿਤਾ—'ਅਕੱਲਾ ਹੀ ਸੀ ।' ਇਹ ਸੁਣਕੇ ਖਲੋਤਿਆਂ ਵਿਚੋਂ ਇਕ ਨੇ ਕਿਹਾ ਫਿਰ ਤੁਸਾਂ ਦੋਹਾਂ ਨੇ ਉਸ ਨੂੰ ਪਕੜਿਆ ਕਿਉਂ ਨਾ ? ਜਿਸ ਪਰ ਹਟਵਾਣੀਏ ਦੇ ਹੋਣਹਾਰ ਮੁੰਡੇ ਨੇ ਆਖਿਆ—ਉਸਨੂੰ ਫੜਦੇ ਕਿਵੇਂ, ਕਿਉਂਕਿ ਚੋਰ ਤੇ ਛਵੀ ਦੋ ਜਣੇ ਸਨ, ਮੈਂ ਤੇ ਬਾਪੂ ਇਕੱਲੇ ਸਾਂ ?

ਤਰਕਾ ਨੰਦ—ਇਹ ਤਾਂ ਭਲੀ ਪਰਕਾਰ ਸਿੱਧ ਹੋ ਗਿਆ ਕਿ ਹਰ ਇਕ ਗ੍ਰਿਹਸਤੀ ਲਈ ਕ੍ਰਿਪਾਨ ਰਖਣੀ ਬਹੁਤ ਜ਼ਰੂਰੀ ਹੈ, ਪ੍ਰੰਤੂ ਨਾਲ ਹੀ ਇਹ ਭੀ ਸਪਸ਼ਟ ਹੋ ਗਿਆ ਜੋ ਕ੍ਰਿਪਾਨ ਧਾਰਨ ਕਰਨੀ ਕੇਵਲ ਦੁਨਿਆਵੀ ਲੋੜਾਂ ਲਈ ਲਾਭਦਾਇਕ ਹੈ ਕਿਸੇ ਧਰਮ ਭਾਵ ਨੂੰ ਲੈਕੇ ਨਹੀਂ ।

ਵਿਵੇਕਾ ਸਿੰਘ—ਸੰਤ ਜੀ ! ਜਿਵੇਂ ਪਵਿਤ੍ਰ ਕਿਰਪਾਨ ਦੁਨਿਆਵੀ ਲੋੜਾਂ ਲਈ ਲਾਭ ਦਾਇਕ ਵਸਤੂ ਹੈ, ਉਸੇ ਤਰ੍ਹਾਂ ਧਾਰਮਕ ਅਗ ਭੀ ਹੈ,ਹਰ ਇਕ ਕਕਾਰ ਇਕ ਪਾਸੇ ਧਾਰਮਕ ਨਿਯਮਾਂ ਦਾ ਉਪਦੇਸ਼ ਕਰਦਾ ਹੈ। ਜਿਵੇਂ ਪਵਿਤ੍ਰ ਕਛਹਿਰਾ ਦੁਨੀਆਂ ਦੇ ਤਮਾਮ ਕਪੜਿਆਂ ਤੋਂ ਵਧੀਕ ਪਰਦੇ ਦਾਰ ਭੀ ਹੈ ਅਤੇ ਜਤ ਸਤ ਕਾਇਮ ਰਖਨ ਦਾ ਉਪਦੇਸ਼ ਭੀ ਦੇ ਰਿਹਾ ਹੈ।

ਏਸੇ ਤਰ੍ਹਾਂ ਪਵਿਤ ਕੰਘਾ ਕੇਸਾਂ ਨੂੰ ਨਿਰਮਲ ਭੀ ਰਖਦਾ ਹੈ ਤ ਮਨ ਨੂੰ ਗੰਦੇ ਵਿਚਾਰਾਂ ਤੋਂ ਸਾਫ ਰਖਨ ਦੀ ਸਿਖਿਆ ਭੀ ਦੇਂਦਾ ਹੈ । ਕੁਦਰਤੀ ਤਾਜ ਪਵਿਤ ਕੇਸ ਦਿਮਾਗ ਨੂ ਅਨੇਕਾਂ ਬੀਮਾਰੀਆਂ ਤੋਂ ਬਚੌਂਦੇ ਹੋਏ ਸਿਖਿਆਂ ਦੇਂਦੇ ਹਨ ਕਿ ਹੇ ਪੁਰਸ਼ ! ਜਿਵੇਂ ਅਸੀਂ ਸੋਹਲ ਅੰਗ

Sri Satguru Jagjit Singh Ji eLibrary NamdhariElibrary@gmail.com

ਦਿਮਾਗ ਦੀ ਰਖਿਆ ਕਰਦੇ ਹਾਂ, ਏਸੇ ਤਰ੍ਹਾਂ ਤੂੰ ਭੀ ਦੀਨ ਦੁਖੀ ਨਿਰਬਲਾਂ ਦੀ ਰਖਿਆ ਦਾ ਯਤਨ ਕਰ, ਜਿਵੇਂ ਅਸੀਂ ਸਾਰੇ ਮਿਲ ਕੇ ਆਪਣਾ ਫਰਜ਼ ਨਿਭਾ ਰਹੇ ਹਾਂ ਏਸੇ ਤਰ੍ਹਾਂ ਤੂੰ ਭੀ ਆਪਣੇ ਛਿੰਨ ਭਿੰਨ ਵਿਚਾਰਾਂ ਨੂੰ ਇਕੱਤ੍ਰ ਕਰ, ਤੇ ਈਸ੍ਵਰ ਭਗਤੀ ਵਿਚ ਲੀਨ ਹੋਕੇ ਲੋਕ ਪਰਲੋਕ ਦੇ ਸੁਖ ਪ੍ਰਾਪਤ ਕਰ।

ਤਰਕਾ ਨੰਦ—ਠੀਕ! ਹੁਣ ਆਪ ਕਾਬੂ ਆਏ ਹੋ, ਏਸੇ ਤਰ੍ਹਾਂ ਕ੍ਰਿਪਾਨ ਨੂੰ ਧਾਰਮਕ ਚਿੰਨ੍ਹ ਸਾਬਤ ਕਰਕੇ ਦੱਸੋ।

ਵਿਵੇਕਾ ਸਿੰਘ—ਸਤ ਜੀ ! ਮੈਂ ਆਪ ਤੋਂ ਇਕ ਪ੍ਰਸ਼ਨ ਪੁਛਨਾ ਚਾਹੁੰਦਾ ਹਾਂ ?

ਤਰਕਾ ਨੰਦ—ਇਕ ਛਡਕੇ ਬੇਸ਼ਕ ਵੀਹ ਪਸ਼ਨ ਪੁਛੋ।

ਵਿਵੇਕਾ ਸਿੰਘ—ਕੀ ਆਪ ਦੱਸ ਸਕਦੇ ਹੋ ਕਿ ਬਾਦ-ਸ਼ਾਹਾਂ ਨੂੰ ਤਾਜ ਪਹਿਨੌਣ ਸਮੇਂ ਤਲਵਾਰ ਕਿਉਂ ਪਹਿਨਾਈ ਜਾਂਦੀ ਹੈ ?

ਤਰਕਾ ਨੰਦ—ਇਹ ਤਾਂ ਬਚੇ ਬਚੇ ਭੀ ਜਾਣਦੇ ਹਨ ਕਿ ਤਾਜ ਅਤੇ ਤਲਵਾਰ ਨੂੰ ਪਹਿਨਾਕੇ ਬਾਦਸ਼ਾਹ ਨੂੰ ਰਾਜ ਗੱਦੀ ਦਾ ਮਾਲਕ ਬਨਾਇਆ ਜਾਂਦਾ ਹੈ।

ਵਿਵੇਕਾ ਸਿੰਘ—ਪ੍ਰੰਤੂ ਕੇਵਲ ਤਖਤ ਤੇ ਬਠਾਕੇ ਬਾਦਸ਼ਾਹ ਨਹੀਂ ਮੰਨਿਆ ਜਾ ਸਕਦਾ ?

ਤਰਕਾ ਨੰਦ—ਜਿਵੇਂ ਭਰਤੇ ਬਿਨਾਂ ਸੁਹਾਗਨ, ਬਲ ਬਿਨਾਂ ਸੂਰਮਾਂ, ਪ੍ਰਕਾਸ਼ ਬਿਨਾਂ ਸੂਰਜ ਨਹੀਂ ਹੋ ਸਕਦਾ ਏਸੇ ਤਰ੍ਹਾਂ ਮੁਕਟ ਅਤੇ ਤਲਵਾਰ ਤੋਂ ਬਿਨਾਂ ਬਾਦਸ਼ਾਹ ਨਹੀਂ ਬਣ ਸਕਦਾ।

Sri Satguru Jagjit Singh Ji eLibrary NamdhariElibrary@gmail.com

ਵਿਵੇਕਾ ਸਿੰਘ—ਤਰਕਾ ਨੰਦ ਜੀ ! ਬਾਦਸ਼ਾਹ ਬਣਨੇ ਦੀ ।ਨਸ਼ਾਨੀ ਤਾਂ ਉਸ ਦਾ ਤਖਤ ਪਰ ਬੈਠਨਾ ਹੀ ਕਾਫੀ ਹੈ, ਤਲਵਾਰ ਅਤੇ ਤਾਜ ਤਾਂ ਵਾਧੂ ਹੀ ਪ੍ਰਤੀਤ ਹੁੰਦੇ ਹਨ।

ਤਰਕਾ ਨੰਦ—ਸਿੰਘ ਜੀ ! ਇਹ ਚੀਜ਼ਾਂ ਵਾਧੂ ਨਹੀਂ ਹਨ, ਸਗੋਂ ਪੁਰਾਤਨ ਸੱਤ ਪੁਰਸ਼ਾਂ ਨੇ ਸੋਚ ਸਮਝ ਕੇ ਹੀ ਇਹ ਰੀਤੀ ਚਲਾਈ ਹੈ । ਵੇਖੋ, ਸਿੰਘਾਸਨ ਅਮੀਰਾਂ ਵਜ਼ੀਰਾਂ ਤੋਂ ਬਾਦਸ਼ਾਹ ਦੇ ਉਚੇ ਰੁਤਬੇ ਦੀ ਨਿਸ਼ਾਨੀ ਹੈ। ਜਿਗਾ ਕਲਗੀ ਤੇ ਤਾਜ ਸੱਚੇ ਕਰਤਾਰ ਦੀ ਪਰਮ ਕ੍ਰਿਪਾਲਤਾ ਦੇ ਸੂਚਕ ਹਨ। ਸ਼ਕਤੀ ਰੂਪ ਤਲਵਾਰ ਹੁਕਮ ਹਾਸਲ ਹੋਣ ਦਾਪੱਕਾ ਚਿੰਨ੍ਹ ਹੈ,ਕਿਉਂਕਿ ਜਿਗਾ ਕਲਗੀ ਅਤੇ ਸਾਧਾਰਨ ਤਾਜ ਤਾਂ ਰਾਜ ਮਿਲਣ ਤੋਂ ਪਹਿਲਾਂ ਹੀ ਸ਼ਹਿਜ਼ਾਦੇ ਅਕਸਰ ਪੈਹਨਿਆਂ ਕਰਦੇ ਹਨ, ਪਰੰਤੂ ਹਕੂਮਤ ਪ੍ਰਾਪਤ ਹੋਣ ਦੀ ਨਿਸ਼ਾਨੀ ਖਾਸ ਸ਼ਾਹੀ ਤਲਵਾਰ ਕੇਵਲ ਉਸੇ ਵੇਲੇ ਪਹਿਨਾਈ ਜਾਂਦੀ ਹੈ ਜਦ ਰਾਜ ਕਾਜ ਦੀ ਵਾਗ ਡੋਰ,ਨਵੇਂ ਬਣੇ ਰਾਜਾ ਦੇ ਹਥ ਸੌਂਪਦੇ ਹਨ, ਕਿਉਂਕਿ ਇਹ ਗਲ ਆਮ ਪਰਸਿੱਧ ਹੈ ਕਿ ਸ੍ਰਿਸ਼ਟੀ ਦੇ ਆਰੰਭ ਤੋਂ ਲੈਕੇ ਸ਼ਸਤ੍ਰਧਾਰੀ ਲੋਕ ਹੀ ਰਾਜ ਗੱਦੀ ਪ੍ਰਾਪਤ ਕਰਦੇ ਰਹੇ ਹਨ ਜੋ ਆਪਨੇ ਬਾਹੂ ਬਲ ਦਾ ਡੰਕਾ ਬਜਾਕੇ ਇਹ ਉਚੀ ਪਦਵੀ ਹਾਸਲ ਕਰਦੇ ਹਨ । ਸ਼ਸਤਰਾਂ ਬਿਨਾਂ ਅਧਰਮੀ, ਅਨਿਆਈ, ਜਾਬਰ, ਰਾਹਮਾਰ, ਧਾੜਵੀ, ਚੋਰ ਆਦਿ ਕਾਬੂ ਨਹੀਂ ਆ ਸਕਦੇ, ਇਸ ਲਈ ਸਚੇ ਅਰਥਾਂ ਵਿਚ ਸ਼ਸਤਰ ਧਾਰੀ ਯੋਧਾ ਹੀ ਰਾਜ ਗੱਦੀ ਸੰਭਾਲਨ ਦੇ ਯੋਗ ਹੈ, ਤਲਵਾਰ ਪਾਤਸ਼ਾਹ ਨੂੰ ਇਸ ਲਈ ਪਹਿਨਾਈ ਜਾਂਦੀ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਲੋੜ ਪੈਣ ਸਮੇਂ ਪਰਜਾ ਰਖਿਆ ਹਿਤ ਰਾਜਾ ਇਸ ਨੂੰ ਵਰਤ ਭੀ ਸਕੇ, ਕਿਉਂਕਿ ਸਾਧਾਰਨ ਸਿਪਾਹੀ ਤੋਂ ਲੈਕੇ ਚਕ੍ਰਵਰਤੀ ਸ਼ਹਿਨਸ਼ਾਹ ਪ੍ਰਯੰਤ ਸਭ ਸ਼ਸਤ੍ਰਧਾਰੀ ਯੋਧੇ ਹਨ। ਇਸ ਵਾਸਤੇ ਤਖਤ ਨਸ਼ੀਨੀ ਸਮੇਂ ਬਾਦਸ਼ਾਹ ਨੂੰ ਸਚਾ ਸ਼ਸਤ੍ਰ ਧਾਰੀ ਯੋਧਾ ਬਨਾਇਆ ਜਾਂਦਾ ਹੈ।

ਵਿਵੇਕਾ ਸਿੰਘ--ਜੇਕਰ ਤਲਵਾਰ ਪਹਿਨਾ ਕੇ ਰਾਜਾ ਨੂੰ ਸ਼ਸਤਰ ਧਾਰੀ ਯੋਧਾ ਬਨੌਣ ਦੀ ਹੀ ਲੋੜ ਹੈ,ਤਦ ਤਲਵਾਰ ਦੀ ਥਾਂ ਤੋਪ ਬੰਦੂਕ ਯਾਂ ਪਸਤੌਲ ਕਿਉਂ ਨਹੀਂ ਪਹਿਨਾਯਾ ਜਾਂਦਾ? ਕਿਉਂਕਿ ਇਹ ਤਲਵਾਰ ਨਾਲੋਂ ਵਧੀਕ ਕਾਰ ਆਮਦ ਸ਼ਸਤਰ ਹਨ।

ਤਰਕਾ ਨੰਦ—ਸਿੰਘ ਜੀ ! ਕੀ ਆਪ ਹਾਸਾ ਰਰਦ ਹੋ? ਭਲਾ ਕਈਆਂ ਮਣਾਂ ਦੀ ਤੋਪ ਹਰ ਸਮੇਂ ਪਾਸ ਕਿਵੇਂ ਰਖੀ ਜਾ ਸਕਦੀ ਹੈ,ਅਤੇ ਬੰਦੂਕ ਸਾਧਾਰਨ ਸਪਾਹੀਆਂ ਦਾ ਸ਼ਸਤ੍ਰਹੈ,ਦੂਜੇ ਵਜ਼ਨੀ ਹੋਣ ਕਰਕੇ ਪਾਤਸ਼ਾਹ ਇਸ ਨੂੰ ਰਖ ਭੀ ਨਹੀਂ ਸਕਦਾ, ਏਸੇ ਲਈ ਕੈਪਟਨ, ਜਨਰਲ ਆਦ ਫੌਜੀ ਅਫਸਰਾਂ ਨੂੰ ਵਡਿਆਈ ਸੂਚਕ ਕਿਰਚ ਯਾਂ ਕਿਰਪਾਨ ਹੀ ਪਹਿਨਾਈ ਜਾਂਦੀ ਹੈ, ਪਸਤੌਲ ਆਦ ਨਹੀਂ, ਕਿਉਂਕਿ ਪਸਤੌਲ ਆਦੀ ਸ਼ਸਤਰ ਗੋਲੀ ਬਾਰੂਦ ਦੇ ਮੁਹਤਾਜ ਹੋਣ ਕਰਕੇ ਸੁਤੰਤ੍ਰ ਸ਼ਸਤਰ ਨਹੀਂ ਹਨ ਅਤੇ ਤਲਵਾਰ ਨੂੰ ਗੋਲੀ ਬਾਰੂਦ ਆਦਕਾਂ ਦੀ ਕੋਈ ਲੋੜ ਨਹੀਂ, ਇਸ ਲਈ ਇਸ ਨੂੰ ਪੂਰਨ ਸੁਤੰਤ੍ਰ ਸ਼ਸਤ੍ਰ ਸਮਝ ਕੇ ਸਾਧਾਰਨ ਫੌਜੀ ਅਫਸਰ ਤੋਂ ਲੈਕੇ ਬਾਦਸ਼ਾਹ ਪ੍ਰਯੰਤ ਬੜੇ ਅਦਬ ਨਾਲ ਪੈਹਨਦੇ ਹਨ। ਇਸੇ ਤਰ੍ਹਾਂ ਜਿਸ ਵੇਲੇ ਮਾੜੇ ਭਾਗਾਂ ਦੇ ਕਾਰਨ ਕੋਈ ਰਾਜਾ ਆਪਣੇ ਜ਼ਬਰ-

Sri Satguru Jagjit Singh Ji eLibrary NamdhariElibrary@gmail.com

ਬਸਤ ਦੁਸ਼ਮਣ ਤੋਂ ਹਾਰ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਆਪਣੀ ਤਲਵਾਰ ਹੀ ਵਿਜੇਹੀ ਦੁਸ਼ਮਨ ਦੇ ਪੈਰਾਂ ਵਿਚ ਰਖਨੀ ਪੈਂਦੀ ਹੈ, ਅਤੇ ਨਿਰਸ਼ਸਤਰ ਹੋਣਾ ਹੀ ਉਸਦੇ ਪ੍ਰਾਧੀਨ ਹੋਣ ਦੀ ਨਿਸ਼ਾਨੀ ਸਮਝੀ ਜਾਂਦੀ ਹੈ, ਏਸੇ ਕਰਕੇ ਕਈ ਅਣਖੀਲੇ ਯੋਧੇ ਦੁਸ਼ਮਨ ਦੇ ਪੈਰਾਂ ਵਿਚ ਆਪਣੀ ਤਲਵਾਰ ਰਖਕੇ ਅਪਿਮਾਨਤ ਹੋਣ ਨਾਲੋਂ ਸਾਹਮਣੇ ਮੱਥੇ ਲੜਕੇ ਜਾਨ ਦੇ ਦੇਣੀ ਚੰਗੀ ਸਮਝਦੇ ਹਨ, ਪਰ ਜੀਉਂਦੇ ਜੀ ਆਪਣਾ ਸ਼ਸਤਰ ਲਾਹਕੇ ਦੂਜੇ ਦੇ ਪੈਰਾਂ ਵਿਚ ਨਹੀਂ ਰਖਦੇ।

ਵਿਵੇਕਾ ਸਿੰਘ—ਤਰਕਾ ਨੰਦ ਜੀ! ਬੱਸ ਏਸੇ ਵਾਸਤੇ ਹੀ ਤਲਵਾਰ (ਕ੍ਰਿਪਾਨ) ਖਾਲਸੇ ਦਾ ਧਾਰਮਿਕ ਚਿੰਨ੍ਹ ਹੈ। ਕਿਉਂਕਿ ਗੁਰੂ ਜੀ ਦੇ ਪਵਿਤ੍ਰ ਆਗਮਨ ਤੋਂ ਪਹਿਲਾਂ ਭਾਰਤ ਵਰਸ਼ੀਆਂ ਦੀ ਆਤਮਾਂ ਗੁਲਾਮੀ ਦੇਬੋਝ ਨਾਲ ਐਥੋਂਤੀਕ ਦਬ ਗਈ ਸੀ ਕਿ ਇਹ ਲੋਕ ਆਪਣੇ ਆਪਨੂੰ ਸਮਝਦਿਆਂ ਹੋਇਆਂ ਭੀ ਸ਼ਕ ਕਰਦੇ ਸਨ, ਏਸੇ ਕਰਕੇ ਚੋਰਾਸੀ ਲੱਖ ਜੂਨੀ ਦੇ ਸਰਦਾਰ ਹੁੰਦਿਆਂ ਭੀ ਅਗਿਆਨ ਵਸ ਹੋਕੇ ਸਪਾਂ, ਖੋਤਿਆਂ, ਬਾਂਦਰਾ ਅਤੇ ਭੂਤ ਪ੍ਰੇਤ ਆਦਿ ਨਖਿਧ ਜੰਤੂਆਂ ਐਥੋਂ ਤਕ ਕਿ ਪਿਪਲ, ਨਿੰਮ, ਪੱਥਰ ਆਦਿ ਸਥਾਵਰ ਜ ੍ਹ ਵਸਤੂਆਂ ਨੂੰ ਉਪਾਸ਼ਿਯ ਸਮਝਕੇ ਪੂਜਾ ਕਰਦੇ ਹੁੰਦੇ ਸਨ, ਜਿਸ ਦਾ ਫਲ ਇਹ ਹੋਇਆ (ਕਿਉਂਕਿ ਧਿਆਤਾ ਧੇ ਰੂਪ ਹੋ ਜਾਂਦਾ ਹੈ) ਕਿ ਓਹ ਬਲਵਾਨ ਭਾਰਤ ਵਾਸ਼ੀ ਜਿਨ੍ਹਾਂ ਦੇ ਨਾਮ ਸੁਣਕੇ ਵਿਦੇਸ਼ੀ ਕੰਬ ਜਾਂਦੇ ਸਨ, ਦੀਨ ਹੀਨ ਨਿਸ ਤੇਜ਼ ਹੋਕੇ,ਦੀਰਘ ਕਾਲ ਲਈ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਗਏ ਅਤੇ ਵਿਜਈ ਤੁਰਕਾਂ ਦੇ ਜ਼ੁਲਮ ਨਾਲ ਭਾਰਤ ਦੀ ਸਵਰਗ ਜੈਸੀ

Sri Satguru Jagjit Singh Ji eLibrary NamdhariElibrary@gmail.com

ਸੁਖਦਾਇਕ ਭੂਮੀ ਦੇ ਹਰ ਕੋਨੇ ਵਿਚ ਹਾਇ ਹਾਇ ਦੀ ਭਿਆਨਕ ਪੁਕਾਰ ਮਚ ਗਈ, ਜਿਸ ਨੂੰ ਸੁਣਕੇ ਨਿਰੰਜਨੀ ਜੋਤ "ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਇਆ"। ਜਿਸ ਦੇ ਪਵਿੱਤ੍ਰ ਦਰਸ਼ਨਾਂ ਲਈ ਭਾਰਤ ਵਾਸੀ ਚੌਂਹਾਂ ਪਾਸਿਆਂ ਤੋਂ ਬਿਹਬਲ ਹੋਕੇ ਔਣ ਲਗੇ ਅਤੇ ਉਸ ਅਰਸ਼ੀ ਵੈਦ ਨੂੰ ਆਪਣੇ ਗੁਲਾਮੀ ਰੂਪ ਅਸਾਧ ਹੋਣ ਦਾ ਕਾਰਨ ਪੁਛਿਆ। ਤਦ ਆਪ ਨੇ ਫੁਰਮਾਇਆ—'ਪਰਮੇਸ਼ਰ ਤੋਂ ਭੁਲਿਆਂ ਵਿਆਪਨ ਸਭੇ ਰੋਗ"। ਇਹ ਅਗੰਮ ਵਾਕ ਸੁਣਕੇ ਰੋਗ ਗਰਿਸਥ ਸੰਸਾਰੀਆਂ ਨੇ ਬਿਨੈ ਕੀਤੀ, ਹੇ ਅਰਸ਼ੀ ਪਾਤਸਾਹ ! ਇਸ ਦਾ ਇਲਾਜ? ਤਦ ਹਜ਼ੂਰ ਨੇ ਫੁਰਮਾਇਆ ਸੰਸਾਰ ਰੋਗੀ ਲਈ 'ਨਾਮ' ! ਨਾਮ ਹੀ ਅਜਿਹੀ ਉਤਮ ਔਸ਼ਧੀ ਹੈ, ਜਿਸ ਨਾਲ ਜਨਮਾਂਤਾਂ ਦ ਰੋਗੀ ਅਰੋਗ ਹੋ ਜਾਂਦੇ ਹਨ, ਇਸ ਵਾਸਤੇ "ਸਿਮਰਉ ਸਿਮਰ ਸਿਮਰ ਸੁਖ ਪਾਵਉ"। ਇਸ ਪਵਿੱਤਰ ਮਹਾਂ ਵਾਕ ਨੂੰ ਜਿਨ੍ਹਾਂ ਪ੍ਰਾਣੀਆਂ ਨੇ ਹਿਰਦੇ ਵਿਚ ਵਸਾਇਆ ਉਨ੍ਹਾਂ ਦੀ ਆਤਮਾਂ ਸਭ ਤੋਂ ਪੈਹਲਾਂ ਮਨ ਦੀ ਗੁਲਾਮੀ ਦੇ ਪੰਜੇ ਵਿਚੋਂ ਨਿਕਲਕੇ ਸ੍ਵਤੰਤਰ ਹੋ ਗਈ, ਜਿਸ ਸਮੇਂ ਅਜਿਹੇ ਵਡਭਾਗੇ ਜਗਯਾਸੂਆਂ ਦੀ ਬਹੁ ਗਿਣਤੀ ਹੋ ਗਈ ਤਦ ਦਸਵੇਂ ਜਾਮੇ ਵਿਚ ਸ਼ਹਿਨਸ਼ਾਹ ਦਸਮੇਸ਼ ਪਿਤਾ ਨੇ ਅਤਿ ਪਰਸੰਨ ਹੋਕੇ ਆਪਣੇ ਕਿਰਪਾ ਪਾਤਰਾਂ ਨੂੰ ਸਦਾ ਲਈ ਅਮਰ ਕਰ ਦੇਣ ਵਾਲਾ ਸਚ ਖੰਡੀ ਅੰਮ੍ਰਤ ਬਖਸ਼ਕੇ ਫੁਰਮਾਇਆ—'**ਅਵਰ ਜੋਨ ਤੇਰੀ ਪਨਿਹਾਰੀ ॥ ਇਸ ਧਰਤੀ ਪਹਿ ਤੇਰੀ ਸਿਕਦਾਰੀ ॥**' ਇਸ ਵਾਸਤੇ

Sri Satguru Jagjit Singh Ji eLibrary NamdhariElibrary@gmail.com

**'ਬਿਨ ਕਰਤਾਰ ਨ ਕਿਰਤਮ ਮਾਨੋ ॥ ਆਦ ਅਜੋਨ ਅਜੈ ਅਬਿਨਾਸੀ ਤਹਿ ਪ੍ਰਮੇਸ਼ਰ ਜਾਨੋ॥'** ਕਿਉਂਕਿ **'ਸਗਲਿਆਂ ਭਉ ਲਿਖਿਆ ਸਿਰ ਲੇਖੁ ॥ ਨਾਨਕ ਨਿਰਭਉ ਨਿਰੰਕਾਰ ਸਚੁ ਏਕੁ ॥'** ਇਸ ਵਾਸਤੇ ਉਸ ਨਿਰਭੈ ਦੇ ਲੜ ਲਗੋ ਤ ਨਿਰਭੈ ਸੂਰਬੀਰ ਬਣਕੇ ਦੀਨਾਂ ਦੀ ਰਖਿਆ ਕਰੋ। ਸਦਾ ਚੇਤੇ ਰਖੋ, ਅਕਾਲ ਦੇ ਉਪਾਸ਼ਕਾਂ ਤੋਂ ਬਗੈਰ ਸਭ ਚੌਰਾਸੀ ਦੇ ਜੀਵ ਹਨ। ਤੁਸੀਂ ਚੌਰਾਸੀ ਦ ਮਾਲਕ ਸੁਤੰਤਰ ਬਾਦਸ਼ਾਹ ਹੋ, ਇਸ ਵਾਸਤੇ ਅਕਾਲ ਪੁਰਖ ਦੇ ਹੁਕਮ ਨਾਲ ਸ਼ਹਿਨਸ਼ਾਯਤ ਦੀ ਸਚੀ ਨਿਸ਼ਾਨੀ ਕ੍ਰਿਪਾਨ ਤੁਹਾਨੂੰ ਬਖਸ਼ੀ ਜਾਂਦੀ ਹੈ, ਇਸ ਨੂੰ ਸਦਾ ਅੰਗ ਸੰਗ ਰਖਣਾ, ਇਹ ਤੁਹਾਨੂੰ ਸਦੀਵ ਚੜ੍ਹਦੀਆਂ ਕਲਾਂ ਵਿਚ ਰਖਦੀ ਹੋਈ, ਆਪਣੀ ਹਸਤੀ ਨਹੀਂ ਭੁਲਣ ਦੇਵੇਗੀ। ਆਗਿਆਕਾਰੀ ਖਾਲਸੇ ਨੇ ਉਸ ਮਹਾਂ ਤੇਜਸ੍ਵੀ ਅਕਾਲ ਸੁਤ ਦਸ਼ਮੇਸ਼ ਸਹਿਨਸ਼ਾਹ ਦੇ ਰਬੀ ਹੁਕਮ ਅਗੇ ਸੀਸ ਝੁਕਾਕੇ,ਉਸ ਨੂੰ ਯਥਾਵਤ ਪਰਵਾਨ ਕਰ ਲਿਆ, ਇਸ ਵਾਸਤੇ ਪਵਿੱਤਰ ਕ੍ਰਿਪਾਨ, ਲਾਡਲੇ ਗੁਰੂ ਦੁਲਾਰਿਆਂ ਦਾ ਪਰਮ ਜ਼ਰੂਰੀ ਧਾਰਮਕ ਚਿੰਨ੍ਹ, ਬਣ ਗਈ।

ਦੋਹਰਾ ॥

ਸੁਨੇ ਯਥਾਰਥ ਵਾਕ ਜਬ ਤਰਕਾ ਨੰਦ ਸੁਜਾਨ ॥
ਧਰਮ ਖਾਲਸਾ ਈਸ਼ਵਰੀ ਨਿਸਚੇ ਲੀਨੋ ਮਾਨ ॥
ਅਤਿ ਸ਼ਕਾਤਰ ਹੋ ਕਹਿਓ ਮੈਂ ਅਤਿ ਮੂੜ ਅਜਾਨ ॥

Sri Satguru Jagjit Singh Ji eLibrary NamdhariElibrary@gmail.com

ਆਲਸ ਕਰ ਅਬ ਲੌ ਨਹੀਂ ਧਾਰਨ ਕਰੀ ਕ੍ਰਿਪਾਨ ॥
ਸ਼ੋਕ ਨ ਮੈਂ ਸੁਨ ਸਮਝਿਓ ਸ੍ਰੀ ਗੁਰ ਕੋ ਫੁਰਮਾਨ ॥
ਤੇਗ ਕੇਸ ਤੇ ਹੀਨ ਨਰ ਹੋਵਤ ਭੇਡ ਸਮਾਨ ॥
ਪਾਵਨ ਹੁਕਮ ਅਕਾਲ ਕੋ ਪਾਵਤ ਕਰਮ ਮਹਾਨ ॥
ਕਰ ਹੌ ਧਾਰਨ ਆਜ ਤੇ ਪਾਵਨ ਸ੍ਰੀ ਕਿਰਪਾਨ ॥
ਪਾਵਨ ਗਤ ਜਾਂ ਤੇ ਲਹੈ ਭੋਗ ਮੋਖ ਅਰ ਗਿਆਨ ॥
ਪਾਵਨ ਧਰਮ ਬਚਾਨ ਹਿਤ ਜੂਝੈਂ ਗਹਿ ਕਿਰਪਾਨ ॥
ਜੋ ਗਤਿ ਯੋਗੀ ਨ ਲਹੈ ਸਾਧੇ ਯੋਗ ਮਹਾਨ ॥
ਸੋ ਗਤਿ ਇਕ ਛਿਨ ਮੈ ਲਹੈ ਯੁਧ ਵਿਖੇ ਬਲਵਾਨ ॥

ਤਰਕਾ ਨੰਦ--(ਅਤਿ ਬਿਹਬਲ ਹੋਕੇ) ਸਿੰਘ ਜੀ ! ਮੈਂ ਬੜਾ ਅਭਾਗਾ ਹਾਂ, ਜਿਸ ਨੇ ਅੱਜ ਤੀਕ ਰੱਬੀ ਹੁਕਮ ਕ੍ਰਿਪਾਨ ਨਹੀਂ ਪਹਿਨੀ ! ਇਕ ਵੇਰਾਂ ਖਾਲਸਾ ਜੀ ਦੇ ਦੀਵਾਨ ਵਿਚ ਇਹ ਗੁਰ ਹੁਕਮ ਸੁਣਿਆ ਸੀ।

ਯਥਾ:--

ਈਹੈ ਮੋਰ ਆਗਯਾ ਸੁਨੋ ਤੁਮ ਪਿਆਰੇ ॥
ਬਿਨਾਂ ਤੇਗ ਕੇਸੰ ਦਿਵੋ ਨਾਂ ਦੀਦਾਰੇ ॥
ਬਿਨਾਂ ਤੇਗ ਕੇਸੰ ਨਰੰ ਭੇਡ ਜਾਨੋ ॥
ਪਕੜ ਤਾਹਿ ਕਾਨੋ ਕਿਤੇ ਲੈ ਸਿਧਾਨੋ ॥

ਪਰੰਤੂ ਉਸ ਸਮੇਂ ਸ਼ਰਧਾ ਹੀਨ ਹੋਣ ਕਰਕੇ ਮੇਰੇ ਪਥਰ ਹਿਰਦੇ ਪਰ ਪਵਿਤਰ ਗੁਰ ਹੁਕਮ ਦਾ ਕੋਈ ਅਸਰ ਨ ਹੋਇਆ। ਆਪ ਦੇ ਯੁਕਤੀ ਪੂਰਬਕ ਵਾਰਤਾਲਾਪ ਤੋਂ ਅਜ ਮੈਨੂੰ ਆਪਨੀ ਮੂਰਖਤਾ ਦਾ ਗਿਆਨ ਹੋ ਗਿਆ ਹੈ। ਹੁਣ ਮੈਂ ਇਹ ਗਲ ਚੰਗੀ ਤਰ੍ਹਾਂ ਸਮਝ ਗਿਆ ਹਾਂ ਕਿ ਹੁਣ

Sri Satguru Jagjit Singh Ji eLibrary NamdhariElibrary@gmail.com

ਤੀਕ ਕੇਸ ਕ੍ਰਿਪਾਨ ਹੀਨ ਰਹਿਕੇ, ਆਪਣੀ ਆਯੂ ਦਾ ਅਧੇ ਤੋਂ ਵਧੀਕ ਹਿੱਸਾ ਵਿਅਰਥ ਗਵਾ ਦਿਤਾ, ਕਿਉਂਕਿ ਗੁਰੂ ਜੀ ਦਾ ਹੁਕਮ ਹੈ ਕਿ ਕੇਸ ਕ੍ਰਿਪਾਨ ਹੀਨ ਨੂੰ ਸਾਡਾ ਦਰਸ਼ਨ ਨਹੀਂ ਹੋਵੇਗਾ, ਅਤੇ ਇਹ ਪੱਕੀ ਗੱਲ ਹੈ ਕਿ ਜੀਵਾਂ ਨੂੰ ਕਲ-ਜੁਗ ਦੇ ਅਸਰ ਤੋਂ ਬਚਾਉਣ ਵਾਲੇ ਕੇਵਲ ਗੁਰੂ ਨਾਨਕ ਗੁਰੁ ਗੋਬਿੰਦ ਸਿੰਘ ਜੀ ਹਨ। ਕਿਉਂਕਿ ਜੀਵਾਂ ਦੀ ਕਲਿ-ਆਨ ਨਮਿਤ ਅੰਤ੍ਰਯਾਮੀ ਪਰਮਾਤਮਾ ਹਰ ਇਕ ਵਖੋ ਵਖਰੇ ਅਵਤਾਰ ਭੇਜਦਾ ਹੈ, ਜਿਹਾ ਕੁ ਸਤਿ ਜੁਗ ਵਿਚ ਬਾਵਨ, ਤ੍ਰੇਤੇ ਵਿੱਚ ਰਾਮ, ਦ੍ਵਾਪਰ ਵਿੱਚ ਸ੍ਰੀ ਕ੍ਰਿਸ਼ਨ ਜੀ ਹੋਏ।

ਪਰੰਤੂ ਉਨ੍ਹਾਂ ਦਾ ਦਸਿਆ ਧਰਮ ਪਿਛਲੇ ਤਿੰਨਾਂ ਯੁਗਾਂ ਵਿੱਚ ਹੀ ਕਲਿਆਨ ਕਾਰੀ ਸੀ, ਕਲਿਯੁਗ ਵਿੱਚ ਨਹੀ ਏਸੇ ਵਾਸਤੇ ਭਵਿਖਤ ਪੁਰਾਨ ਵਿੱਚ ਸਾਫ ਲਿਖਿਆ ਹੈ:—

(ਸ਼ੁਭੇ ਪਸਚਮੇ ਦੇਸ਼ੇ ਵੇਦੀ ਵੇਸ਼ਚੇ ਨਾਨਕਾ)
(ਨਾਮ ਨਾਹੰਚ ਭਵੀ ਰਾਜ ਤਿਸ਼ੋ ਬ੍ਰਹਮ ਗਿਯਾਨੈਕ ਮਾਨਸਾ)

ਅਰਥਾਤ ਕਲਿਜੁਗੀ ਜੀਵਾਂ ਦੇ ਉਧਾਰ ਹਿਤ ਪੰਜਾਬ ਦੇਸ਼ ਵਿਚ ਗੁਰ ਨਾਨਕ ਜੀ ਅਵਤਾਰ ਧਾਰਨ ਕਰ,ਰਾਜ ਯੋਗ (ਖਾਲਸਾ ਧਰਮ) ਦਾ ਉਪਦੇਸ਼ ਕਰਕੇ ਜੀਵਾਂ ਨੂੰ ਬ੍ਰਹਮ ਗਜਾਨ ਪਰਦਾਨ ਕਰਨਗੇ, ਇਸ ਵਾਸਤੇ "ਤੇਨੋਪ ਦਿਸ਼ਯੰ ਮਾਰਗੀ ਵੈਯੋ ਗ੍ਰਿਹਸੰਤੀ ਮਾਹਾ, ਮੰਤ ਤੇ ਵਈ ਰਾਜ ਕ੍ਰਯਾਮੀ ਤਸ ਸਿਖਸ਼ਾ ਅਨੁਸਾਰਤਾ"ਅਰਥਾਤ ਜੇਹੜੇ ਬੁਧੀਵਾਨ ਪੁਰਸ਼ ਉਨ੍ਹਾਂ ਦੇ ਸ਼ਰਵੋਪਰੀ ਸਿਧਾਂਤ ਨੂੰ ਸ਼ਰਧਾ ਨਾਲ ਮੰਨਨ ਕਰਨਗੇ ਉਨ੍ਹਾਂ ਨੂੰ ਲੋਕ ਪਰਲੋਕ ਦੇ ਸੁਖ ਪ੍ਰਾਪਤ ਹੋਣਗੇ,

Sri Satguru Jagjit Singh Ji eLibrary NamdhariElibrary@gmail.com

ਇਸ ਲਈ ਮੈਂ ਸਚੇ ਦਿਲੋਂ ਪ੍ਰਣ ਕਰਦਾ ਹਾਂ ਜੋ ਕ੍ਰਿਪਾਨ ਧਾਰਨ ਕਰਕੇ ਤਿਆਰ ਬਰ ਤਿਆਰ ਹੋ ਜਾਂਵਾਂਗਾ।

ਵਿਵੇਕਾ ਸਿੰਘ—ਸੰਤ ਜੀ ! ਏਡੇ ਕਾਹਲੇ ਨ ਪਵੋ। ਅਜੇਹਾ ਨ ਹੋਵੇ ਕਿ ਇਸ ਵੇਲੇ ਜੋਸ਼ ਵਿਚ ਆਕੇ ਆਪ ਅੰਮ੍ਰਿਤ ਛਕ ਲਵੋ ਤੇ ਕੱਲ ਨੂੰ ਕਿਸੇ ਸਿਰਗੁੰਮ ਅਨਮਤੀ ਚੁਫੇਰ ਗੜੀਏ ਦੀ ਕੁਸੰਗਤਿ ਨਾਲ ਪਵਿਤਰ ਅੰਮ੍ਰਿਤ ਯਾ ਰੱਬੀ ਤਾਜ ਕੇਸਾਂ ਦੀ ਬੇਅਦਬੀ ਕਰਕੇ, ਉਲਟੇ ਕਲੰਕ ਦੇ ਭਾਗੀ ਬਣੋ ਜੇਕਰ ਅਜੇ ਭੀ ਕੋਈ ਸ਼ੰਕਾ ਬਾਕੀ ਹੈ ਤਾਂ ਉਸਨੂੰ ਭੀ ਧੀਰਜ ਨਾਲ ਨਵਿਰਤ ਕਰ ਲਓ।

ਤਰਕਾ ਨੰਦ—ਸਿੰਘ ਜੀ ਹੋਰ ਸਭ ਸ਼ੰਕੇ ਤਾਂ ਨਵਿਰਤ ਹੋ ਚੁਕੇ ਹਨ, ਕੇਵਲ ਕੜੇ ਸੰਬੰਧੀ ਕੁਛ ਪੁਛਨਾ ਚਾਹੁੰਦਾਂ ਹਾਂ?

ਵਿਵੇਕਾ ਸਿੰਘ—ਹਾਂ ! ਹਾਂ ! ਜ਼ਰੂਰ ਤਕੜੇ ਹੋਕੇ ਪੁਛੋ।

ਤਰਕਾ ਨੰਦ—ਬਹੁਤ ਅਛਾ ਇਹ ਤਾਂ ਸਿਧ ਹੋ ਗਿਆ ਜੋ ਕਛਹਿਰਾ ਜਤੀ ਅਤੇ ਯੋਧੇ ਪੁਰਸ਼ਾਂ ਦਾ ਪਵਿਤਰ ਬਸਤਰ ਹੈ, ਏਸੇ ਤਰ੍ਹਾਂ ਕੇਸ ਦਿਮਾਗ ਦੀ ਰਖਿਆ ਤੇ ਸੰਗਠਤ ਈਸ਼ਵ੍ਰ ਭਗਤੀ ਦਾ ਉਪਦੇਸ਼ ਕਰਨ ਵਾਲੇ ਰੱਬੀ ਤਾਜ ਹਨ, ਸੁਤੰਤ੍ਰਤਾ ਦੀ ਨਿਸ਼ਾਨੀ ਰੱਬੀ ਰੰਗ ਰਤੇਂ ਨਾਮ ਅਭਿਆਸੀਆਂ ਲਈ ਪਰਮ ਜ਼ਰੂਰੀ ਸਮਝਕੇ ਪੈਗੰਬਰਾਂ ਅਤੇ ਅਵਤਾਰਾਂ ਨੇ ਇਨ੍ਹਾਂ ਦਾ ਤਿਆਗ ਨਹੀਂ ਕੀਤਾ। ਇਸ ਵਾਸਤੇ ਕੇਸ ਭੀ ਬਹੁਤ ਜ਼ਰੂਰੀ ਹਨ ਅਤੇ ਕੰਘਾ ਕੇਸਾਂ ਨੂੰ ਪਵਿੱਤ੍ਰ ਰਖਨ ਲਈ ਅਤੀ ਉਪਯੋਗ ਹੈ, ਏਸੇ ਤਰ੍ਹਾਂ ਕ੍ਰਿਪਾਨ ਪੁਰਸ਼ ਲਈ ਪੁਰਾਣਾਂ ਤੋਂ ਭੀ ਵਧੀਕ ਲੋੜ ਵੰਦੀ ਸ਼ੈ ਹੈ। ਪਰੰਤੂ ਕੜਾ ਨਾ ਤੇ ਕੋਈ ਸ਼ਸਤ੍ਰ ਹੈ ਅਤੇ ਨਾਹੀਂ ਸਰੀਰ ਦੀ ਕੋਈ ਲੋੜ ਪੂਰੀ ਕਰਦਾ ਪਰਤੀਤ

Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ । ਫਿਰ ਇਸ ਦੇ ਧਾਰਨ ਕਰਨ ਦਾ ਕੀ ਲਾਭ ਸਮਝਿਆ ਜਾਏ ?

ਵਿਵੇਕਾ ਸਿੰਘ—ਸੰਤ ਜੀ ! ਆਪ ਨੇ ਜੋ ਭਗਵੇ ਬਸਤਰ ਧਾਰਨ ਕੀਤੇ ਹੋਏ ਹਨ ਏਹ ਸਰਦੀ ਗਰਮੀ ਤੋਂ ਬਚੌਂਦੇ ਹਨ ਅਥਵਾ ਮਨ ਇਕਾਗਰ ਕਰਨ ਵਿਚ ਸਹੈਤਾ ਕਰਦੇ ਹਨ ? .

ਤਰਕਾ ਨੰਦ—ਸਿੰਘ ਜੀ ! ਭਗਵੇ ਬਸਤਰ ਸਰਦੀ ਗਰਮੀ ਤੋਂ ਬਚਣ ਅਤੇ ਮਨ ਇਕਾਗਰ ਕਰਨ ਲਈ ਨਹੀਂ ਹਨ ਸਗੋਂ ਇਨ੍ਹਾਂ ਦਾ ਇਹ ਭਾਵ ਹੈ:—

ਭਗਵਾ ਕਹੇ ਸੁਣੋ ਰੇ ਭਾਈ। ਮੁਝ ਪਹਿਰਨ ਕੀ ਇਹਵਡਿਆਈ
ਮਾਤਾ ਵਤ ਨਾਰੀ ਕੋ ਜਾਨੋ। ਨਿਜਮਨ ਕੋ ਮ੍ਰਿਤਕ ਪਹਿਚਾਨੋ।
ਥੋੜਾ ਨਿੰਦਤ ਅਲਪ ਅਹਾਰਾ। ਮੋਹ ਰਹਿਤ ਵਿਚਰੋ ਸੰਸਾਰਾ।

ਏਸੇ ਤਰ੍ਹਾਂ ਭਗਵੇਂ ਬਸਤਰਾਂ ਦਾ ਇਹ ਭੀ ਲਾਭ ਹੈ ਕਿ ਦੇਸ ਪਰਦੇਸ ਰਟਨ ਕਰਨ ਵਾਲੇ ਬੇਟਗਮ ਨੂੰ ਗ੍ਰਿਹਸਤੀ ਸ਼ੀਘਰ ਪਹਿਚਾਨ ਲੈਂਦੇ ਹਨ। ਜੇਕਰ ਚਿੱਟੇ ਬਸਤ ਹੋਣ ਤਾਂ ਕਿਸੇ ਨੂੰ ਕੀ ਪਤਾ ਹੈ ਕਿ ਸਾਧੂ ਹੈ ਯਾਂ ਗ੍ਰਿਹਸਤੀ ?

ਵਿਵੇਕਾ ਸਿੰਘ—ਏਸੇ ਤਰ੍ਹਾਂ ਕੜੇ ਨੂੰ ਭੀ ਆਪ ਸਿੰਘ ਸੂਰਮੇ ਦੀ ਨਿਸ਼ਾਨੀ ਸਮਝ ਲਓ। ਕਿਉਂਕਿ ਸੰਸਾਰ ਦੇ ਬਨਾ-ਵਟੀ ਮਤ ਮਤਾਂਤ੍ਰਾਂ ਵਿਚ ਕਿਸੇ ਨੇ ਭੀ ਇਹ ਚਿੰਨ੍ਹ ਧਾਰਨ ਨਹੀਂ ਕੀਤਾ ਅਤੇ ਨਾ ਹੀ ਸੰਸਾਰੀ ਲੋਕ ਅਜੇਹਾ ਕਰ ਸਕਦੇ ਹਨ, ਕਿਉਂਕਿ ਦੁਨੀਆਂ ਦਾਰਾਂ ਨੇ ਸੋਨੇ ਨੂੰ ਹੀ ਹੋਰ ਧਾਤੂਆਂ ਤੋਂ ਉਚਾ ਦਰਜਾ ਦਿਤਾ ਹੈ। ਪਰੰਤੂ ਨੀਚਾਂ ਨੂੰ ਊਚ ਕਰਨ ਵਾਲੇ ਦਸਮੇਸ਼ ਪਿਤਾ ਜੀ ਨੇ ਜਿਵੇਂ ਪਵਿਤਰ ਅੰਮ੍ਰਿਤ ਕਣੀ ਬਖਸ਼ਕੇ (ਮਾਨਸ ਤੇ ਦਵਤੇ ਕੀਏ) ਮਨੁਖ ਤੋਂ ਦੇਵਤੇ ਕਰ

Sri Satguru Jagjit Singh Ji eLibrary NamdhariElibrary@gmail.com

ਦਿਤਾ ਹੈ, ਉਸੇ ਤਰ੍ਹਾਂ ਸੋਨੇ ਚਾਂਦੀ ਤੋਂ ਘਟੀਆ ਦਰਜੇ ਵਾਲੇ ਸਰਬ ਲੋਹ ਨੂੰ ਉਤਮ ਪਦਵੀ ਬਖਸ਼ਕੇ ਖਾਲਸੇ ਨੂੰ ਇਸ ਦੇ ਪਹਿਰਨ ਦੀ ਆਗਿਆ ਦੇ ਦਿਤੀ। ਜਿਸ ਦਾ ਖਾਸ ਭਾਵ ਇਹ ਹੈ ਕਿ ਸੋਨੇ ਚਾਂਦੀ ਦੇ ਜ਼ੇਵਰ ਪਹਿਰਣ ਦੀ ਗੁਰ ਸਿਖ ਨੂੰ ਸਖਤ ਮਨਾਹੀ ਹੈ।

ਤਰਕਾ ਨੰਦ—ਸਰਬ ਲੋਹ ਦਾ ਕੜਾ ਪਹਿਨਣ ਨਾਲ ਸੋਨਾਂ ਚਾਂਦੀ ਆਦਿ ਦੀ ਮਨਾਹੀ ਕਿਵੇਂ ਸਮਝੀ ਜਾਏ ?

ਵਿਵੇਕਾ ਸਿੰਘ—ਕਿਉਂਕਿ ਮਨ ਦੇ ਮਗਰ ਲੱਗਣ ਵਾਲੇ ਸੰਸਾਰੀ ਲੋਕ ਬਹੁਤ ਕਰਕੇ ਹੱਥਾਂ ਵਿਚ ਹੀ ਸੋਨੇ ਦੇ ਕੜੇ ਪਹਿਰਿਆ ਕਰਦੇ ਸਨ, ਅੰਮ੍ਰਿਤ ਛਕੌਣ ਸਮੇਂ ਗੁਰੂ ਜੀ ਨੇ ਉਨ੍ਹਾਂ ਨੂੰ ਉਤਰਵਾਕੇ ਪਵਿੱਤਰ ਸਰਬ ਲੋਹ ਦਾ ਕੜਾ ਪਹਿਰਾ ਦਿਤਾ। ਜਿਸ ਦਾ ਪਰਤੱਖ ਫਲ ਇਹ ਹੋਇਆ ਕਿ ਲੋਕਾਂ ਵਾਂਗ ਕਿਸੇ ਸਿੰਘ ਦੇ ਬਾਹਾਂ ਯਾਂ ਡੌਲਿਆਂ ਵਿਚ ਆਮ ਹਿੰਦੂ ਲੋਕਾਂ ਦੀ ਤਰ੍ਹਾਂ ਸੋਨੇ ਦੇ ਕੜੇ ਯਾ ਅਨੰਤ ਪਹਿਰੇ ਨਹੀਂ ਵੇਖੋਗੇ।

ਤਰਕਾ ਨੰਦ—ਜੇਕਰ ਇਹੋ ਗੱਲ ਹੈ ਤਾਂ ਇਸ ਵੇਲੇ ਕੜੇ ਦੀ ਕੀ ਲੋੜ ਹੈ ? ਕਿਉਂਕਿ ਅੱਜ ਕਲ ਸਿੰਘ ਸੂਰਮੇ ਸੋਨੇ ਆਦਿ ਦੇ ਕੜੇ ਪਹਿਰਨੋਂ ਹਟ ਚੁਕੇ ਹਨ।

ਵਿਵੇਕਾ ਸਿੰਘ—ਜੇਕਰ ਕੇਵਲ ਇਤਨੀ ਗੱਲ ਵਾਸਤੇ ਹੀ ਪਵਿੱਤਰ ਕੜੇ ਦਾ ਬੰਧਾਨ ਹੁੰਦਾ ਤਦ ਅਜ ਕਲ ਇਸ ਦੀ ਲੋੜ ਨਹੀਂ ਸੀ, ਪਰੰਤੂ ਇਹ ਐਸੀ ਉਤਮ ਵਸਤੂ ਹੈ ਕਿ ਪਰਲੈ ਕਾਲ ਤੀਕ ਭੀ ਖਾਲਸਾ ਇਸ ਦਾ ਤਿਆਗ ਨਹੀਂ ਕਰ ਕਦਾ।

Sri Satguru Jagjit Singh Ji eLibrary NamdhariElibrary@gmail.com

ਤਰਕਾ ਨੰਦ–ਓਹ ਕਿਵੇਂ ? ਜ਼ਰਾ ਖੋਲ੍ਹਕੇ ਵਰਨਣ ਕਰੋ।

ਵਿਵੇਕਾ ਸਿੰਘ–ਸੁਣੋ ਸੰਸਾਰ ਵਿਚ ਪਚਾਨਵੇਂ ਫੀ ਸਦੀ ਕਰਮ ਹਥਾਂ ਨਾਲ ਹੀ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਅਸ਼ੁਭ ਕਰਮਾਂ ਦੀ ਬਹੁ ਗਿਣਤੀ ਹੁੰਦੀ ਹੈ, ਜਿਹਾ ਕੁ ਜੂਆ, ਚੋਰੀ, ਜਾਹਲੀ, ਹਸਤਾਖਸ਼ਰ (ਦਸਖਤ), ਮਜ਼ਲੂਮਾਂ ਉਤੇ ਜ਼ੁਲਮ, ਕਤਲ, ਆਤਮਘਾਤ ਆਦਿ ਨੀਚ ਕਰਮ ਹਨ। ਤ੍ਰਿਕਾਲ ਦਰਸ਼ੀ ਸਤਿਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਕੜਾ ਬਖਸ਼ਕੇ ਹੁਕਮ ਕੀਤਾ ਕਿ ਇਸ ਨੂੰ ਸਦਾ ਅੰਗ ਸੰਗ ਰਖਣਾ, ਇਹ ਹਰ ਵੇਲੇ ਤੁਹਾਨੂੰ ਚੇਤਾ ਕਰਵਾਂਦਾ ਰਹੇਗਾ ਕਿ ਅੰਤਰ–ਜਾਮੀ ਪਰਮਾਤਮਾਂ ਨੇ ਹਥ ਕੇਵਲ ਧਰਮ ਦੀ ਕ੍ਰਿਤ ਤੇ ਸਾਧ ਸੰਗਤ ਦੀ ਸੇਵਾ ਲਈ ਬਖਸ਼ੇ ਹਨ। ਇਨ੍ਹਾਂ ਨਾਲ ਅਧਰਮ ਨਹੀਂ ਕੀਤੇ ਜਾ ਸਕਦੇ।

ਤਰਕਾ ਨੰਦ–ਇਸ ਤੋਂ ਇਹ ਸਿਧ ਹੋਇਆ ਕਿ ਕੜਾ ਕੇਵਲ ਅਪਕਰਮਾਂ ਤੋਂ ਪੁਰਸ਼ ਨੂੰ ਰੋਕਣ ਵਾਲਾ ਚਿੰਨ੍ਹ ਹੈ, ਵਾਸਤਵ ਵਿਚ ਇਹ ਸ਼ਸਤ੍ਰ ਨਹੀਂ ਹੈ।

ਵਿਵੇਕਾ ਸਿੰਘ–ਸੰਤ ਜੀ ! ਐਉਂ ਨ ਆਖੋ, ਇਹ ਪਾਪਾਂ ਤੋਂ ਰੋਕਣ ਲਈ ਉਪਯੋਗੀ ਵਸਤੂ ਹੋਣ ਦੇ ਨਾਲ ਹੀ ਸ਼ਸਤ੍ਰ ਵੀ ਹੈ, ਸ਼ਸਤ੍ਰ ਹੀ ਨਹੀਂ ਸਗੋਂ ਸੂਰਮੇ ਨੂੰ ਦੁਸ਼ਟ ਦਮਨ ਹਿਤ ਖੜਗ ਧਾਰਨ ਕਰਵਾਕੇ ਧਰਮ ਯੁਧ ਵਿਚ ਸਾਹਮਣੇ ਮਰਕੇ ਸ਼ਹੀਦ ਹੋਣ ਦੀ ਸਿਖਯਾ ਦੇਣ ਵਾਲਾ ਬਹਾਦਰ ਜਰਨੈਲ ਹੈ।

ਤਰਕਾ ਨੰਦ–(ਹੈਰਾਨ ਹੋਕੇ) ਕੜਾ ਸਸਤ੍ਰ ਭੀ ਹੈ ?

ਵਿਵੇਕਾ ਸਿੰਘ–ਜੀ ਹਾਂ ! ਇਹ ਭੀ ਇਕ ਸ਼ਸਤ੍ਰ ਹੈ।

Sri Satguru Jagjit Singh Ji eLibrary NamdhariElibrary@gmail.com

ਸੀ, ਪਰੰਤੂ ਖਾਲਸੇ ਦੀ ਅਨਗਹਿਲੀ ਨਾਲ ਇਸ ਦੀ ਪੁਰਾ-ਤਨ ਸਮੇਂ ਵਾਲੀ ਸ਼ਕਲ ਨਹੀਂ ਰਹੀ। ਜਿਵੇਂ ਤਿੰਨ ਫੁਟੀ ਕ੍ਰਿਪਾਨ ਘਟਦੀ ਘਟਦੀ ਕੇਸਾਂ ਵਿਚ ਜਾ ਲੁਕੀ ਸੀ ਤਿਵੇਂ ਇਹ ਭੀ ਘਟਦਾ ਘਟਦਾ ਕੇਵਲ ਸਾਧਾਰਣ ਕੰਗਣੀ ਜਿਹਾ ਰਹਿ ਗਿਆ ਹੈ, ਕਿਹਾ ਚੰਗਾ ਹੋਵੇ ਜਿਵੇਂ ਖਾਲਸਾ ਜੀ ਨੇ ਕ੍ਰਿਪਾਨ ਨੂੰ ਅਸਲੀ ਸੂਰਤ ਵਿਚ ਲੈ ਆਂਦਾ ਹੈ ਤਿਵੇਂ ਇਸ ਨੂੰ ਭੀ ਪੁਰਾਤਨ ਸਮੇਂ ਵਰਗੀ ਅਸਲੀ ਸੂਰਤ ਵਿਚ ਪ੍ਰਗਟ ਕਰ ਦੇਵੇ; ਤੇ ਆਸ਼ਾ ਹੈ ਕਿ ਥੋੜੇ ਸਮੇਂ ਵਿਚ ਅਪਨੀ ਅਸਲੀ ਸੂਰਤ ਵਿਚ ਆ ਜਾਏਗਾ।

ਤਰਕਾ ਨੰਦ—ਅੱਛਾ ਇਹ ਤਾਂ ਜਦੋਂ ਹੋਵੇਗਾ ਵੇਖਿਆ ਜਾਏਗਾ, ਪਰੰਤੂ ਸੂਰਬੀਰ ਦੇ ਹੱਥ ਵਿਚ ਤਲਵਾਰ ਪਕੜਾਕੇ ਧਰਮ ਯੁਧ ਲਈ ਤਿਆਰ ਕਰਨ ਵਾਲ ਕੜਾ ਕਿਸ ਤਰ੍ਹਾਂ ਹੋਯਾ ?

ਵਿਵੇਕਾ ਸਿੰਘ—ਇਕਾਗਰ ਹੋਕੇ ਸੁਣੋ ! ਭਾਰਤ ਦੇ ਸੂਰਬੀਰਾਂ ਵਿਚ ਪੁਰਾਤਨ ਸਮੇਂ ਤੋਂ ਇਹ ਰੀਤੀ ਚਲੀ ਆਈ ਹੈ ਕਿ ਧਰਮ ਯੁਧ ਨੂੰ ਜਾਣ ਵੇਲੇ ਹੱਥ ਨੂੰ ਇਕ ਗਾਨਾ ਬੰਨ੍ਹਦੇ ਹਨ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਯਾਂ ਬਾਹੂ ਬਲ ਦਵਾਰਾ ਸ਼ਤ੍ਰ ਨੂੰ ਜਿੱਤਕੇ ਜਸ ਪ੍ਰਾਪਤ ਕਰਾਂਗਾ, ਨਹੀਂ ਤਾਂ ਸਾਹਮਣੇ ਮੱਥੇ ਸ਼ਹੀਦ ਹੋ ਜਾਵਾਂਗਾ। ਕੀ ਇਹ ਠੀਕ ਹੈ ?

ਤਰਕਾ ਨੰਦ—ਜੀ ਹਾਂ ! ਭਾਰਤੀ ਰਾਜਪੂਤਾਂ ਵਿਚ ਇਹ ਰਸਮ ਬੜੀ ਪਵਿਤਰ ਗਿਣੀ ਜਾਂਦੀ ਹੈ, ਵੇਖੋ, ਜਿਸ ਸਮੇਂ ਰੂਪ ਨਗਰ ਦੇ ਰਾਜਾ ਦੀ ਰੂਪ ਵਤੀ ਕੰਨਿਆਂ ਦਾ ਨਾਤਾ ਔਰੰ-ਗਜ਼ੇਬ ਬਾਦਸ਼ਾਹ ਨੇ ਮੰਗਿਆ ਤਦ ਰਾਜ ਕੁਮਾਰੀ ਦੇ ਪਿਤਾ ਨੇ

Sri Satguru Jagjit Singh Ji eLibrary NamdhariElibrary@gmail.com

ਇਨਕਾਰ ਕਰ ਦਿਤਾ, ਜਿਸ ਤੋਂ ਖਿਝਕੇ ਔਰੰਗਜ਼ੇਬ ਨੇ ਆਪਣੇ ਜਰਨੈਲ ਮੁਬਾਰਕ ਖਾਂ ਨੂੰ ਇਕ ਜ਼ਬਰਦਸਤ ਜੰਗੀ ਫੌਜ ਦੇਕੇ ਚੰਚਲ ਕੁਮਾਰੀ (ਰੂਪ ਨਗਰ ਦੇ ਰਾਜ਼ਾ ਦੀ ਪੁਤਰੀ) ਨੂੰ ਜਬਰਨ ਪਕੜ ਲਿਆਉਣ ਦੀ ਆਗਿਆ ਕੀਤੀ। ਜਦ ਉਸ ਰਾਜ ਪੁਤਰੀ ਨੇ ਆਪਣੇ ਆਪ ਨੂੰ ਹਰ ਪਾਸਿਓਂ ਬਿਪਤਾ ਵਿਚ ਘਿਰੀ ਹੋਈ ਵੇਖਿਆ ਤਦ ਆਪਣੇ ਬਚਾਉ ਲਈ ਰਾਜ ਪ੍ਰੋਹਤ ਨੂੰ ਆਪਣੀ ਮੁੰਦਰੀ ਅਤੇ ਮੌਲੀ ਦਾ ਗਾਨਾਂ ਦੇਕੇ ਰਾਜ ਸਿੰਘ ਚਿਤੌੜ ਵਾਲੇ ਪਾਸ ਭੇਜ ਦਿਤਾ, ਚਿੱਠੀ ਵਿਚ ਲਿਖਿਆ--

"ਸ੍ਰੀ ਮਾਨ ਜੀ ! ਇਸ ਵੇਲੇ ਮੇਰਾ ਧਰਮ ਖਤਰੇ ਵਿਚ ਹੈ ਅਤੇ ਮੇਰਾ ਪਿਤਾ ਮੇਰੀ ਰਖਿਆ ਕਰਨੋਂ ਅਸਮਰਥ ਹੈ। ਇਸ ਦਸ਼ਾ ਵਿਚ ਧਰਮ ਰਖਿਆ ਦਾ ਅੰਤਮ ਉਪਾਇ ਆਤਮਘਾਤ ਕਰ ਲੈਣਾ ਯੋਗ ਸੀ, ਪਰੰਤੂ ਮੈਂ ਚਾਹੁੰਦੀ ਹਾਂ ਜੇਕਰ ਆਪ ਮੇਰੀ ਰਖਿਆ ਕਰ ਸਕੋ ਤਦ ਆਤਮਘਾਤ ਦੇ ਜਬਰ ਅਪ੍ਰਾਧ ਤੋਂ ਬਚਕੇ ਆਪਣੀ ਆਯੂ ਦਾ ਬਾਕੀ ਹਿਸਾ ਆਪ ਦੀ ਸੇਵਾ ਵਿਚ ਬਿਤਾਵਾਂ । ਬਹੁਤ ਛੇਤੀ ਮੇਰੀ ਬੇਨਤੀ ਦਾ ਉਤਰ ਹਾਂ ਯਾਂ ਨਾਂਹ ਵਿਚ ਦੇਣਾ।

ਆਪ ਦੀ ਭਾਵੀ ਦਾਸੀ—ਦੁਖੀਆ—ਚੰਚਲਕੁਮਾਰੀਰੂਪ ਨਗਰ"

ਜਦ ਇਹ ਪੱਤਰ ਰਾਣਾ ਰਾਜ ਸਿੰਘ ਕੋਲ ਪੁਜਾ, ਤਦ ਇਕ ਛਤਰੀ ਬਾਲਾ ਨੂੰ ਸਖਤ ਔਕੜ ਵਿੱਚ ਘਿਰੀ ਹੋਈ ਦੇਖਕੇ ਓਸ ਦੇ ਰਾਜਪੂਤੀ ਖੂਨ ਨੇ ਜੋਸ਼ ਖਾਧਾ ਅਤੇ ਉਸ ਸਮੇਂ ਉਸ ਨੇ ਰਾਜਕੁਮਾਰੀ ਦੇ ਪ੍ਰੋਹਤ ਤੋਂ ਮੌਲੀ ਦਾ ਤੰਦ ਲੈਕੇ ਸਜੇ ਹਥ ਨੂੰ ਗਾਨਾਂ ਬੰਨ ਲਿਆ, ਮਿਆਨੋਂ ਤਲਵਾਰ ਧੂਹ ਮੁਛਾਂ ਨੂੰ ਤਾਉ ਦੇ ਦੇਕੇ ਜੋਸ਼ ਨਾਲ ਕਿਹਾ ਕਿ ਜਦ ਤਕ

Sri Satguru Jagjit Singh Ji eLibrary NamdhariElibrary@gmail.com

ਮੇਰੇ ਧੜ ਪਰ ਸਿਰ ਹੈ ਤਦ ਤਕ ਰਾਜਕੁਮਾਰੀ ਨੂੰ ਜ਼ਾਲਮਾਂ ਦੇ ਵਸ ਨਹੀਂ ਪੈਣ ਦਿਆਂਗਾ। ਇਸ ਤਰ੍ਹਾਂ ਆਖ ਆਪਣੀ ਸੈਨਾ ਨੂੰ ਨਾਲ ਲੈਕੇ ਬਾਦਸ਼ਾਹੀ ਸੈਨਾਂ ਨਾਲ ਜੰਗ ਕਰ,ਰਾਜਕੁਮਾਰੀ ਨੂੰ ਉਨਹਾਂ ਦੀ ਕੈਦ ਵਿਚੋਂ ਛੁਡਾ ਲਿਆਇਆ।

ਵਿਵੇਕਾ ਸਿੰਘ—ਮੰਤ ਜੀ! ਜੇਕਰ ਰਾਜਕੁਮਾਰੀ ਕੇਵਲ ਚਿਠੀ ਹੀ ਭੇਜ ਛਡਦੀ ਤਦ ਭੀ ਰਾਣਾ ਰਾਜ ਸਿੰਘ ਉਸ ਦੀ ਰਖਿਆ ਲਈ ਤਿਆਰ ਹੋ ਪੈਂਦਾ, ਫਿਰ ਮੌਲੀ ਦਾ ਤੰਦ ਅਤੇ ਮੁੰਦਰੀ ਭੇਜਣ ਦੀ ਕੀ ਲੋੜ ਸੀ?

ਤਰਕਾ ਨੰਦ—ਸਿੰਘ ਜੀ! ਕੱਲੀ ਚਿਠੀ ਨਾਲ ਰਾਜ ਸਿੰਘ ਆਪਣੇ ਪਾਣਾਂ ਨੂੰ ਖਤਰੇ ਵਿਚ ਪਾਕੇ ਰਾਜਕੁਮਾਰੀ ਦੀ ਧਰਮ ਰਖਿਆ ਹਿਤ ਨਹੀਂ ਜਾ ਸਕਦਾ ਸੀ, ਕਿਉਂਕਿ ਰਾਜ-ਪੂਤਾਂ ਵਿਚ ਇਹ ਮਰਯਾਦਾ ਹੈ ਕਿ ਸਰਣ ਆਏ ਦੀ ਰਖਿਆ ਦਾ ਭਾਰ ਹੀ ਆਪਣੇ ਜ਼ਿੰਮੇਂ ਲੈਂਦੇ ਹਨ;ਇਸ ਲਈ ਅੰਗੂਠੀ ਭੇਜਕੇ ਰਾਜਕਮਾਰੀ ਨੇ ਇਹ ਪਰਗਟ ਕੀਤਾ ਕਿ ਮੈਂ ਆਪ ਦੀ ਦਾਸੀ ਬਣਨਾਂ ਚਾਹੁੰਦੀ ਹਾਂ ਅਤੇ ਮੌਲੀ ਦਾ ਤਦ ਇਸ ਲਈ ਭੇਜਿਆ ਕਿ ਇਹ ਸ਼ਹੀਦੀ ਗਾਨਾਂ ਬੰਨਕੇ ਵੈਰੀਆਂ ਵੀ ਅਲਖ ਮੁਕੌਣ ਲਈ ਮੈਦਾਨ ਜੰਗ ਵਿਚ ਨਿਤਰੇ।

ਵਿਵੇਕਾ ਸਿੰਘ—ਕੀ ਸ਼ਹੀਦੀ ਗਾਨਾਂ ਬਨ੍ਹੇ ਬਿਨਾਂ ਰਾਜ ਸਿੰਘ ਸ਼ਤਰੂਆਂ ਨਾਲ ਜੰਗ ਨਹੀਂ ਕਰ ਸਕਦਾ ਸੀ।

ਤਰਕਾ ਨੰਦ—ਬਿਲਕੁਲ ਨਹੀਂ, ਕਿਉਂਕਿ ਰਾਜਪੂਤ ਯੋਧੇ ਸ਼ਹੀਦੀ ਗਾਨਾਂ ਉਸ ਵੇਲੇ ਬੰਨ੍ਹਦੇ ਹਨ ਜਿਸ ਵੇਲੇ ਬਹੁਤ ਔਕੜ ਦਾ ਸਮਾਂ ਹੋਵੇ ਅਤੇ ਸ਼ਹੀਦੀ ਗਾਨਾ ਬੰਨ੍ਹਕੇ ਜੰਗ ਵਿਚ ਗਏ ਸੂਰਬੀਰ ਯਾ ਤਾਂ ਵੈਰੀ ਨੂੰ ਮਾਰ ਕੇ ਜਿਤ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰਦੇ ਹਨ ਨਹੀਂ ਤਾਂ ਸਾਹਮਣੇ ਮਥੇ ਜੰਗ ਕਰਕੇ ਪ੍ਰਾਣ ਦਿੰਦੇ ਹਨ ਪਰੰਤੂ ਪਿਛੇ ਨਹੀਂ ਹਟਦੇ । ਇਸ ਕਰਕੇ ਸ਼ਹੀਦੀ ਗਾਨਾਂ ਬੰਨ੍ਹਣਾ ਸਿਰਾਂ ਧੜਾਂ ਦੀ ਬਾਜ਼ੀ ਲੌਣ ਦੀ ਪਕੀ ਨਿਸ਼ਾਨੀ ਹੈ ।

ਵਿਵੇਕਾ ਸਿੰਘ—ਸੰਤ ਜੀ ! ਏਸੇ ਤਰ੍ਹਾਂ ਹੀ ਸ਼ਹਿਨਸ਼ਾਹ ਦਸਮੇਸ਼ ਪਿਤਾ ਨੇ ਖਾਲਸਾ ਸਜਾਕੇ ਸੂਰਮਿਆਂ ਦੀ ਸਚੀ ਸਾਥਣ ਕ੍ਰਿਪਾਨ ਨੂੰ ਅੰਗ ਸੰਗ ਰਖਣ ਦਾ ਹੁਕਮ ਦਿਤਾ ਅਤੇ ਧਰਮ ਹਿਤ ਹਰ ਸਮੇਂ ਤਿਆਰ ਬਰਤਿਆਰ ਰਖਣ ਲਈ ਅੰਤ ਸਮੇਂ ਤਕ ਨਾ ਟੁੱਟਣ ਵਾਲਾ ਸ਼ਹੀਦੀ ਗਾਨਾ (ਕੜਾ) ਪਹਿਨਾਕੇ ਹੁਕਮ ਕੀਤਾ ਕਿ ਖਾਲਸਾ ਜੀ ! "ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੇ ਕਬਹੂੰ ਨ ਛਾਡੇ ਖੇਤ॥" ਇਸ ਵਾਸਤੇ ਹਰ ਇਕ ਸਿੰਘ ਪਵਿੱਤਰ ਕੜੇ ਨੂੰ ਪਹਿਨਕੇ, ਹਰ ਸਮੇਂ ਧਰਮ ਜੁਧ ਲਈ ਤਿਆਰ ਬਰ ਤਿਆਰ ਰਹਿੰਦਾ ਹੈ ਜਿਸ ਤੋਂ ਸਿਧ ਹੈ ਕਿ ਖਾਲਸੇ ਨੂੰ ਧਰਮ ਹਿਤ ਜੂਝਨ ਦੀ ਪਰੇਰਨਾਂ ਕਰਨ ਵਾਲਾ ਸਚਾ ਸ਼ਹੀਦੀ ਗਾਨਾਂ ਇਹੋ ਪਵਿੱਤਰ ਕੜਾ ਹੈ, ਇਸ ਕਰਕੇ ਇਹ ਧਰਮ ਦਾ ਪਰਮ ਜ਼ਰੂਰੀ ਅੰਗ ਹੈ ।

ਸੀ ਵਿਵੇਕਾ ਸਿੰਘ ਤੇ ਸੁਣ ਕਰ ਇਹ ਸ਼ੁਭ ਰੀਤ ॥
ਸੁਧਾ ਛਕਣ ਹਿਤ ਦ੍ਰਿੜ ਭਯੋ ਤਰਕਾਨੰਦ ਸੁ ਪ੍ਰੀਤ ॥
ਸਾਧੂ ਕੀ ਸੁਨ ਬੇਨਤੀ ਸਿੰਘ ਬਬੇਕ ਸੁਜਾਨ ॥
ਕੰਠ ਕਰਾਈ ਸੰਤ ਕੋ ਪਾਂਚੋ ਬਾਣੀ ਮਾਨ ॥
ਕਰ ਤ੍ਰੈ ਮਾਸ ਪ੍ਰੀਖਿਆ ਭਲੀ ਭਾਂਤ ਸ਼ੁਭ ਰੀਤ ॥

Sri Satguru Jagjit Singh Ji eLibrary NamdhariElibrary@gmail.com

ਨਾਮ ਜਹਾਜ਼ ਚੜ੍ਹਾ ਦਇਓ ਸੁਧਾ ਛਕਾਇ ਸੁ ਸੀਤ ॥
ਵੈਸਾਖੀ ਕੇ ਦਿਵਸ ਸ਼ੁਭ ਭਾਰੀ ਭਰੇ ਦੀਵਾਨ ॥
ਤਰਕਾ ਨੰਦ ਤੇ ਰਾਖਿਓ ਜਬਰ ਜੰਗ ਸਿੰਘ ਨਾਮ ॥
ਕੇਸ ਕਛਹਿਰਾ ਕੜਾ ਸ਼ੁਭ ਕੰਘਾ ਪਹਿਨ ਕ੍ਰਿਪਾਨ ॥
ਗਿਦੜ ਰੰਗਾ ਤੇ ਭਇਓ ਸਿੰਘ ਰੂਪ ਬਲਵਾਨ ॥

ਇਸ ਪ੍ਰਕਾਰ ਅੰਮ੍ਰਿਤ ਪਾਨ ਕਰਕੇ ਸਚ ਮੁਚ ਤਰਕਾ ਨੰਦ ਦੀ ਕਾਯਾਂ ਹੀ ਪਲਟ ਗਈ ਅਤੇ ਓਹ ਦਸਮੇਸ਼ ਪਿਤਾ ਦੇ ਲਾਡਲ ਸਪੂਤ ਵਿਵੇਕਾ ਸਿੰਘ ਦੀ ਸੰਗਤ ਕਰਕੇ ਸਤਿਗੁਰੂ ਜੀ ਦੀ ਸਰਨ ਆ, ਤਿਆਰ ਬਰ ਤਿਆਰ ਹੋਕੇ ਲੋਕ ਪ੍ਰਲੋਕ ਦੇ ਸੁਖਾਂ ਦਾ ਅਧਿਕਾਰੀ ਬਣ ਗਿਆ।

ਇਤਿ

Sri Satguru Jagjit Singh Ji eLibrary NamdhariElibrary@gmail.com

# ਜ਼ਰੂਰੀ ਬਿਨੈ

ਪਿਆਰੇ ਪਾਠਕੋ ! ਇਸ ਟ੍ਰੈਕਟ ਨੂੰ ਫੇਰ ਵਿਚਾਰਕੇ ਪੜ੍ਹੋ ਅਤੇ ਸੋਚੋ ! ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਧਰਮ 'ਸਿਖ ਧਰਮ' ਨੂੰ ਅਨਮਤੀਏ ਕਿਸ ਸ਼ਰਧਾ ਨਾਲ ਗ੍ਰਹਿਣ ਕਰ ਰਹੇ ਹਨ ! ਹੇ ਵਡ ਭਾਗੇ ਪੁਰਸ਼ ਜਿਸ ਅਰਸ਼ੀ ਪ੍ਰੀਤਮ ਦੇ ਸੱਚ ਖੰਡੀ ਸੋਮੇਂ ਵਿਚੋਂ ਅੰਮ੍ਰਿਤ ਦੇ ਖੁਲੇ ਗਫੇ ਪ੍ਰਾਪਤ ਕਰਕੇ ਤੇਰੀ ਆਤਮਾ ਸ਼ਾਂਤ ਸਮੁੰਦਰ ਵਿਚ ਤਾਰੀਆਂ ਲਾਕੇ ਪਰਫੁਲਤ ਹੋ ਰਹੀ ਹੈ। ਵੇਖ ! ਅਤੇ ਗੌਰ ਨਾਲ ਵੇਖ ! ਕਾਲ ਚੱਕਰ ਦੀ ਗਤੀ ਨਾਲ ਲਤਾੜੇ ਹੋਏ ਜੀਵ ਉਸ ਅੰਮ੍ਰਿਤ ਦੀ ਇਕ ਬੂੰਦ ਲਈ ਵਾਸਤੇ ਪੌਂਦੇ ਤੜਫ ਰਹੇ ਹਨ। ਉਠ ! ਬਲ ਧਾਰ ! ਤਿਆਰ ਬਰ ਤਿਆਰ ਹੋਕੇ ਨਾਮ ਰਸੀਆ ਬਣ,ਤੜਫ ਰਹੀ ਚੁਰਾਸੀ ਦੇ ਮੂੰਹ ਵਿਚ ਅੰਮ੍ਰਿਤ ਕਣੀ ਪਾਕੇ ਉਨ੍ਹਾਂ ਦੀ ਆਤਮਾ ਨੂੰ ਸ਼ਾਂਤ ਕਰ। ਚੇਤੇ ਰਖ ! ਤੂੰ ਸਿਖ ਹੈਂ ਅਤੇ ਅਕਾਲ ਪੁਰਖ ਦੀ ਰੱਬੀ ਪੁਲੀਸ ਦਾ ਸਿਪਾਹੀ ਹੈਂ, ਇਸ ਲਈ ਤੇਰਾ ਫਰਜ਼ ਹੈ ਕਿ ਕੁਰਾਹੇ ਜਾ ਰਹੇ ਲੋਕਾਂ ਨੂੰ ਤਾੜਨਾ। ਨਿਮ੍ਰਤਾ ਅਤੇ ਰੂਹਾਨੀਅਤ ਦੀ ਸ਼ਕਤੀ ਨਾਲ ਸੁਖ ਪ੍ਰਾਪਤੀ ਦੇ ਸੁਖਾਲੇ ਰਾਹ ਸਿਖੀ ਧਰਮ ਵਿਚ ਦਾਖਲ ਕਰਕੇ,ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ। ਚੰਗੀ ਤਰ੍ਹਾਂ ਯਾਦ ਰਖ ! ਜੇਕਰ ਤੂੰ ਆਪਣਾ ਫਰਜ਼ ਪੂਰਾ ਕਰਨ ਤੋਂ ਕੰਨੀ ਕਤਰਾਵੇਂਗਾ ਤਦ ਤੇਰਾ ਭੀ ਉਹੋ ਹਾਲ ਹੋਵੇਗਾ ਜੋ ਕਾਨੂਨ ਤੋਂ ਉਲਟ ਚਲਣ ਵਾਲੇ ਪੁਲੀਸ ਦੇ ਸਿਪਾਹੀ ਦਾ

Sri Satguru Jagjit Singh Ji eLibrary NamdhariElibrary@gmail.com

ਹੋਇਆ ਕਰਦਾ ਹੈ, ਕਿਉਂਕਿ ਉਸ ਸਚ ਖੰਡ ਸ਼ਹਿਨਸ਼ਾਹ ਦੇ ਦਰਬਾਰ ਵਿਚ ਨਾ ਤੇ ਕਿਸੇ ਦਾ ਲਿਹਾਜ਼ ਹੈ ਤੇ ਨਾ ਹੀ ਵਢੀ ਯਾਂ ਸਫਾਰਸ਼ ਨਾਲ ਛੁਟਕਾਰਾ ਮਿਲਦਾ ਹੈ ਸਗੋਂ ਓਥੇ ਤਾਂ ਕੇਵਲ 'ਸਚੇ ਹੀ ਸਚ ਨਿਬੜੈ ਚੁਨ ਵੱਖ ਕਢੇ ਜਜਮਾਲਿਆ' ਅਤੇ 'ਥਾਇ ਨ ਪਾਇਨ ਕੂੜਿਆਰ ਮੂਹ ਕਾਲੇ ਦੋਜਕ ਚਾਲਿਆ' ਦੇ ਮਹਾਂ ਵਾਕਾਂ ਅਨੁਸਾਰ ਵਰਤੋਂ ਹੁੰਦੀ ਹੈ। ਇਸ ਵਾਸ੍ਤੇ ਜੇ ਕਲਗੀਧਰ ਪਿਤਾ ਦੀ ਗੋਦ ਵਿਚ ਬੈਠਕੇ ਪ੍ਰੀਤਮ ਦੀਆਂ ਪਿਆਰ ਭਰੀਆਂ ਲੋਰੀਆਂ ਲੈਣੀਆਂ ਹਨ ਤਦ ਉਸ ਪਿਆਰੇ ਪਿਤਾ ਦਾ ਹੁਕਮ ਦਿਲ ਤੇ ਉਕਰ ਲੈ:-

**ਰਹਿਣੀ ਰਹੇ ਸੋਈ ਸਿੱਖ ਮੇਰਾ।**
**ਓਹ ਸਾਹਿਬ ਮੈਂ ਉਸ ਕਾ ਚੇਰਾ।**

ਇਹ ਪਰਮ ਪਵਿਤ੍ਰ ਸ਼ਬਦ ਉਸ ਪਰਮ ਪਿਤਾ ਦੇ ਸ੍ਰੀ ਮੁਖੋਂ ਉਚਾਰੇ ਹੋਏ ਹਨ, ਜਿਸਨੇ ਤੇਰੇ ਸੁਖਾਂ ਲਈ ਆਪਣੇ ਜਿਗਰ ਦੇ ਟੋਟੇ ਵਾਰਕੇ ਭੀ ਸੀ ਨਹੀਂ ਕੀਤੀ। ਅਛਾ ਖਿਮਾਂ।

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤੇਹ॥**

ਸਤਿਗੁਰੂ ਜਗਜੀਤ ਸਿੰਘ ... ਸ੍ਰੀ ਭੈਣੀ ਸਾਹਿਬ

ਇਤਿ ਸ੍ਰੀ ਮਾਨ ਪੰਡਤ ਕਰਤਾਰ ਸਿੰਘ ਜੀ ਲਾਸਾਨੀ

ਫਿਲਾਸਫਰ ਸਿਖਜ਼ਤੇ ਤਾਰਾ ਸਿੰਘ ਵਿਰਚਤੇਨ

ਪੰਚ ਕਕਾਰ ਉਤ੍ਰਾਰਧ ਸਮਾਪਤਿ॥

# ਅਪੀਲ

ਪਿਆਰੇ ਪੰਥ ਗੁਰੂ ਖਾਲਸਾ ! ਧੰਨ ਹਨ ਓਹ ਲਾਲ ਜਿਨ੍ਹਾਂ ਨੇ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਸਮਝਿਆ ਹੈ, ਤੇ ਸਮੂਹ ਪੰਥ ਦੀ ਭੇਟ ਇਕ ਐਸੀ ਅਨਮੁਲੇ ਰਤਨ ਰੂਪੀ ਪੁਸਤਕ 'ਪੰਚ ਕਕਾਰ' ਕੀਤੀ ਹੈ। ਇਹ ਓਹ ਰਤਨ ਹੈ ਜੋ ਸਮੁੰਦ੍ਰ ਰੂਪੀ ਬਾਣੀ ਤੇ ਇਤਿਹਾਸ ਨੂੰ ਮੱਥ ਕਰਕੇ ਕਢਿਆ ਗਿਆ ਹੈ ਤੇ ਆਪਣੇ ਕਿਸਮ ਦਾ ਇਕੋ ਹੀ ਹੈ।

ਇਸ ਵਿਸ਼ੇ ਦੇ ਪਰਚਾਰ ਦਾ ਜੋ ਅੱਜ ਘਾਟਾ ਪੰਥ ਵਿਚ ਹੈ ਓਹ ਗੁਝਾ ਛਿੱਪਾ ਨਹੀਂ, ਏਥੋਂ ਤੀਕ ਜੋ ਕਈ ਟੋਲੇ ਪੈਦਾ ਹੋ ਗਏ ਹਨ ਜੋ ਕਹਿੰਦੇ ਹਨ ਕਿ ਕੇਸਾਂ ਦਾ ਤੇ ਸਿਖੀ ਦਾ ਕੀ ਸਬੰਧ, ਯਾਂ ਕ੍ਰਿਪਾਨ ਦਾ ਤੇ ਸਿਖੀ ਦਾ ਕੀ ਰਿਸ਼ਤਾ ? ਇਤਆਦਿਕ। ਗੱਲ ਕੀ ਅਜੇ ਸਿਖ ਧਰਮ ਦੀਆਂ ਕਈ ਸੰਪਰਦਾਵਾਂ ਬਣੀਆਂ ਪਈਆਂ ਹਨ। ਜੇ ਇਹ ਪ੍ਰਚਾਰ ਜਾਰੀ ਹਹਿੰਦਾ ਤਾਂ ਕਦੇ ਹੋ ਹੀ ਨਹੀਂ ਸਕਦਾ ਸੀ ਜੋ ਸਿਖ ਕੌਮ ਦਾ ਬੱਚਾ ਬੱਚਾ ਪੂਰੀ ਰਹਿਤ ਧਾਰਨ ਨ ਕਰਦਾ, ਇਸ ਤੋਂ ਛੁਟ ਸਗੋਂ ਸਚਾਈ ਦੇ ਖੋਜੀ ਅਨੇਕ 'ਖਾਲਸਾ ਧਰਮ' ਦੀ ਸ਼ਰਨ ਆ ਕਰਕੇ ਆਪਣਾ ਜਨਮ ਸਫਲ ਕਰਦੇ।

ਪਰ ਸ਼ੋਕ ਜੋ ਅਜੇ ਤਕ ਇਸ ਵਿਸ਼ੇ ਤੇ ਕਿਸੇ ਵਿਦਵਾਨ ਉਪਦੇਸ਼ਕ ਨੇ ਰੌਸ਼ਨੀ ਨਹੀਂ ਪਾਈ,ਤੇ ਕੇਵਲ ਅੰਮ੍ਰਤਛਕਾਉਣ ਸਮੇਂ ਦੇ ਥੋੜੇ ਜੇਹੇ ਸਮੇਂ ਤੇ ਕੀਤੇ ਜਾਂਦੇ ਵਯਾਖਯਾਨ ਤੋਂ ਛੁਟ ਇਸ ਸੰਬੰਧੀ ਕੁਝ ਪਤਾ ਨਹੀਂ ਦਿਤਾ ਜਾਂਦਾ, ਜਿਸ ਦਾ ਹੀ ਇਹ ਅਸਰ ਹੈ ਕਿ ਦੂਜੇ ਅਨਮਤੀਆਂ ਦੇ ਅਜੇਹੇ ਸਵਾਲ ਭੀ

Sri Satguru Jagjit Singh Ji eLibrary NamdhariElibrary@gmail.com

ਹੁੰਦੇ ਹਨ, ਤੇ ਸਾਡੇ ਅਣਜਾਣੂੰ ਭਰਾ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਨਿਰੁਤ੍ਰ ਹੋ ਆਪਣਾ ਲੋਕ ਪਰਲੋਕ ਖੋਹ ਬੈਠਦੇ ਹਨ। ਜਿਨ੍ਹਾਂ ਪ੍ਰਸ਼ਨਾਂ ਦਾ ਇਸ ਪੁਸਤਕ ਦੇ ਕਰਤਾ ਜੀ ਨੇ ਭਲੀ ਪ੍ਰਕਾਰ ਉਤ੍ਰ ਦਸਕੇ ਹਰ ਇਕ ਅਭਿਆਸੀ ਨੂੰ ਉਨ੍ਹਾਂ ਪ੍ਰਸ਼ਨਾਂ ਦੇ ਨਿਰੁਤ੍ਰ ਹੋਣ ਤੋਂ ਬਚਾਇਆ ਹੈ।

ਸੋ ਕਿਥੋਂ ਤੀਕ ਇਸ ਪੁਸਤਕ (ਅਨਮੁਲੇ ਰਤਨ) ਸੰਬੰਧੀ ਲਿਖਿਆ ਜਾਵੇ,ਅਖੀਰ ਵਿਚ ਇਹੀ ਆਸਾ ਕਰਦਾ ਹੋਇਆ ਇਸ ਅਪੀਲ ਨੂੰ ਸਮੂੰਹ ਗੁਰੂ ਖਾਲਸਾ ਜੀ ਦੇ ਸਨ-ਮੁਖ ਰਖਦਾ ਹਾਂ ਕਿ ਹਰ ਸਿਖ ਮਿਸ਼ਨ ਦਾ ਪ੍ਰਚਾਰਕ ਸੁਸਾਇਟੀ ਯਾਂ ਹੋਰ ਸਮੱਰਥਵਾਨ ਪਰਉਪਕਾਰੀ ਜਨ ਕਰਤਾ ਜੀ ਪਾਸੋਂ ਇਸ ਪੁਸਤਕ ਸੰਬੰਧੀ ਹੱਕ ਹਕੂਕ ਲੈ (ਯਾਂ ਮੁਨਾਸਬ ਨਿਯਮਾਂ ਦਵਾਰਾ)ਇਸ ਦੇ ਪ੍ਰਕਾਸ਼ਤ ਕਰਨਵਿਚ ਕੋਈ ਕਸਰ ਛਡਣ, ਜਿਸ ਦੀ ਦੁਨੀਆਂ ਭਰ ਵਿਚ ਅਤੀ ਲੋੜ ਹੈ, ਜਿਸ ਕਰਕੇ ਇਸ ਪੁਸਤਕ ਦੇ ਤਰਜਮੇਂ (ਉਲਥਾ)ਵੀ ਹੋਰਨਾਂ ਭਾਸ਼ਾਂ ਵਿਚ ਹੋਣੇ ਅਤੀ ਜ਼ਰੂਰੀ ਹਨ।

ਗੁਰਦਵਾਰਿਆਂ ਦੇ ਪ੍ਰਬੰਧਕਾਂ ਨੂੰ ਮਾਯਾ ਦੇ ਬਚਾਨ ਵੱਲ ਧਿਆਨ ਨ ਦੇ ਕਰਕੇ ਗੁਰਦਵਾਰਿਆਂ ਵਲੋਂ ਪ੍ਰਕਾਸ਼ਤ ਹੋਣੀ ਅਤੀ ਜ਼ਰੂਰੀ ਹੈ,ਸਗੋਂ ਏਥੋਂ ਤਕ ਹੋਣਾ ਚਾਹੀਦਾ ਹੈ ਕਿ ਅੰਮ੍ਰਿਤ ਪ੍ਰਚਾਰ ਸਮੇਂ ਅੰਮ੍ਰਿਤ ਪਾਨ ਕਰਨ ਵਾਲਿਆਂ ਨੂੰ ਤਾਂ ਜ਼ਰੂਰ ਇਕ ਇਕ ਕਾਪੀ ਮਿਲਣੀ ਉੱਚਿਤ ਹੈ।

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪੰਥ ਦਰਦੀ—ਸੇਵਕ ਦਿਲਜੀਤ ਸਿੰਘ ਬੇਦੀ
ਮਾਸਟਰ ਗ:ਇ:ਐ: ਸਕੂਲ ਨੈਰੋਬੀ ਕੀਨੀਆ ਕਾਲੋਨੀ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com